# ਰੇਡੀਓ ਲਵੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 31 ਜਲਵਾਯੂ ਬਦਲਾਅ ਦਾ ਮੁਕਾਬਲਾ-ਕਿਓਟੋ ਮਰਿਆਦਾ ਸਮਝੌਤਾ

**(Major Climate Agreements – Kyoto Factor)**

ਮੂਲ ਖੋਜ ਤੇ ਲੇਖਣ: ਡਾ. ਮਾਨਸ ਪ੍ਰੀਤਮ ਦਾਸ

ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(In this episode, we discuss the Kyoto Protocol that represents a milestone in the history of international climate negotiations. Presented in 1997 before the participating nations in the third Conference of Parties, it was the first serious effort at reducing Greenhouse Gas Emissions. Its net impact was finally in the negative but underlined the need for undertaking responsible initiatives to tackle climate change. The present episode discusses the pros and cons of the protocol with due importance to the major factors. Four friends sitting in a coffee shop get involved in the discussion and give the listeners a fair idea of the Kyoto phase of negotiations. In the present episode various dimensions of Kyoto Protocol have been discussed to make one understand as to what is this step , what shall be its impact and our role. )

(ਇਸ ਕੜੀ ਵਿਚ ਅਸੀਂ ਜਲਵਾਯੂ ਬਦਲਾਅ ਨਾਲ ਨਿਪਟਣ ਨਾਲ ਸਬੰਧਤ ਅੰਤਰ-ਰਾਸਟਰੀ ਵਾਰਤਾਲਾਪ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਵਜੋਂ ਨੁਮਾਇੰਦਗੀ ਕਰਦੇ ਕਿਓਟੋ ਮਰਿਆਦਾ ਸਮਝੌਤੇ ਬਾਬਤ ਚਰਚਾ ਕਰ ਰਹੇ ਹਾਂ ! ਪਾਰਟੀਆਂ ਯਾਣੀ ਦੇਸਾਂ ਦੇ ਤੀਜੇ ਸੰਮੇਲਣ ਦੌਰਾਨ ਭਾਗ ਲੈ ਰਹੇ ਦੇਸਾਂ ਸਾਹਮਣੇ 1997 ਵਿੱਚ ਪੇਸ਼ ਕੀਤਾ ਗਿਆ ਇਹ ਮਰਿਆਦਾ ਸਮਝੌਤਾ, ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਨੂੰ ਘਟਾਉਣ ਵਾਸਤੇ ਪਹਿਲੀ ਗੰਭੀਰ ਕੋਸ਼ਿਸ਼ ਸੀ । ਅੰਤਮ ਰੂਪ ਵਿੱਚ ਇਸਦਾ ਸਮੁਚਾ ਨਤੀਜਾ ਤਾਂ ਨਾਂਹ ਪੱਖੀ ਹੀ ਰਿਹਾ ਪਰ ਇਸਨੇ ਜਲਵਾਯੂ ਬਦਲਾਅ ਦੀ ਸਮੱਸਿਆ ‘ਤੇ ਕਾਬੂ ਪਾਉਣ ਵਾਸਤੇ ਜਿੰਮੇਵਾਰੀ ਵਾਲੀਆਂ ਪਹਿਲ ਕਦਮੀਆਂ ਕਰਨ ਦੀ ਲੋੜ ਨੂੰ ਰੇਖਾਂਕਿਤ ਕਰ ਦਿੱਤਾ ! ਦਰਅਸਲ ਇਸ ਯਤਨ ਦਾ ਜ਼ਿਆਦਾਤਰ ਦੇਸ਼ਾਂ ‘ਤੇ ਨਕਰਾਤਮਕ ਅਸਰ ਪੈਣ ਵਾਲਾ ਸੀ ਪਰ ਧਰਤੀ ਦੀ ਸਿਹਤ ਦੇ ਲਈ ਇਹ ਸਕਰਾਤਮਕ ਪਹਿਲ ਹੈ।ਮੌਜੂਦਾ ਕੜੀ ਵਿੱਚ ਮੁੱਖ ਕਾਰਕਾਂ ‘ਤੇ ਧਿਆਨ ਕੇਂਦ੍ਰਤ ਕਰਦੇ ਹੋਏ ਅਤੇ ਉਨ੍ਹਾਂ ਨੂੰ ਅਹਿਮੀਅਤ ਦਿੰਦੇ ਹੋਏ, ਇਸ ਮਰਿਆਦਾ ਸਮਝੌਤੇ ਦੇ ਵੱਖ ਵੱਖ ਪਹਿਲੂਆਂ ‘ਤੇ ਚਰਚਾ ਕੀਤੀ ਗਈ ਹੈ ।ਇੱਕ ਕੌਫੀ ਦੀ ਦੁਕਾਨ ਵਿੱਚ ਬੈਠੇ ਚਾਰ ਮਿੱਤਰ ਇੱਕ ਬਹਿਸ ਵਿੱਚ ਗਲਤਾਨ ਹੋ ਜਾਂਦੇ ਹਨ ਅਤੇ ਇਸ ਬਹਿਸ ਦੌਰਾਨ ਹੀ ਉਹ ਸ੍ਰੋਤਿਆਂ ਨੂੰ ਇਸ ਗੱਲ ਬਾਤ ਦੇ ਕਿਓਟੋ ਮਰਿਆਦਾ ਦੇ ਪੜਾਅ ਬਾਬਤ ਕਾਫੀ ਸਾਰੀ ਜਾਣਕਾਰੀ ਦੇ ਦਿੰਦੇ ਹਨ ! ਇਸ ਕੜੀ ਵਿੱਚ ਕਿਓਟੋ ਪ੍ਰੋਟੋਕਾਲ ਨਾਲ ਸੰਬੰਧਿਤ ਵਿਭਿੰਨ ਪਹਿਲੂਆਂ ‘ਤੇ ਰੌਸ਼ਨੀ ਪਾਉਂਦੇ ਹੋਏ ਇਹ ਸਮਝਾਇਆ ਹੈ ਕਿ ਇਹ ਪਹਿਲ ਕੀ ਹੈ? ਇਸ ਦੇ ਕੀ ਪ੍ਰਭਾਵ ਪੈਣ ਵਾਲੇ ਹਨ ਅਤੇ ਸਾਡੀ ਕੀ ਭੂਮਿਕਾ ਹੋ ਸਕਦੀ ਹੈ?)

**ਪਾਤਰ**

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਹਰਿੰਦਰ**

ਕਮਲਾ

ਹਰਬੰਸ

ਅਜੈ

ਸ਼ਮੀਮਾ

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ**......

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਇਕੱਤੀਵੀਂ ਕੜੀ "ਜਲਵਾਯੂ ਬਦਲਾਅ ਦਾ ਮੁਕਾਬਲਾ- ਕਿਓਟੋ ਮਰਿਆਦਾ ਸਮਝੌਤਾ"** !

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ** : ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਤੁਹਾਡਾ ਸਭ ਦਾ ਅੱਜ ਦੇ **"ਜਲਵਾਯੂ ਬਦਲਾਅ ਦੀ ਵਿਗਿਆਨ"** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ **ਇਕੱਤੀਵੀਂ** ਕੜੀ ਵਿੱਚ।

**ਮਰਦ ਸੂਤਰਧਾਰ** : ਹਾਂ! ਇਸ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਪਿਛਲੀ ਕੜੀ, '**ਜਲਵਾਯੂ ਬਦਲਾਅ ਦਾ ਮੁਕਾਬਲਾ-ਖਾਕਾ ਤੇ ਸ੍ਰੋਤ**' ਵਿੱਚ ਕੀਤੀ ਸੀ ਅਸੀਂ ਗੱਲ ਉਨ੍ਹਾਂ ਰਵਾਇਤਾਂ, ਨਿਯਮਾਂ, ਸਮੇਲਨਾਂ ਅਤੇ ਸੰਸਥਾਵਾਂ ਬਾਬਤ ਸਬੰਧਤ ਨੇ ਜਿਹੜੀਆਂ ਇਸ ਤੇਜੀ ਨਾਲ ਬਦਲਦੇ ਜਲਵਾਯੂ ਨਾਲ ਨਿਪਟਣ ਦੇ ਵਾਸਤੇ!

**ਔਰਤ ਸੂਤਰਧਾਰ** : ਹਾਂ ਜੀ! ਹੋਈ ਸੀ ਚਰਚਾ ਉਨ੍ਹਾਂ ਮੁੱਦਿਆਂ 'ਤੇ, ਜੁੜੇ ਨੇ ਜਿਹੜੇ ਉਨ੍ਹਾਂ ਯਤਨਾਂ ਦੇ ਨਾਲ ਜਿਹੜੇ ਕੀਤੇ ਜਾ ਰਹੇ ਨੇ ਮਨੁੱਖਤਾ ਦੇ ਵੱਲੋਂ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੀ ਰਫਤਾਰ ਨੂੰ ਠੱਲ੍ਹ ਪਾਉਣ ਦੇ ਲਈ !

**ਮਰਦ ਸੂਤਰਧਾਰ**:ਗੱਲ ਹੋਈ ਸੀ ਕਿ ਇਸ ਮੁੱਦੇ ਦੇ ਵੱਖ ਵੱਖ ਪਹਿਲੂਆਂ ਨੂੰ ਸਮਝਣ ਵਾਸਤੇ ਕੋਸ਼ਿਸ਼ਾਂ ਵਿੱਚ ਕੀਤੀ ਜਾ ਰਹੀ ਹੈ ਵਰਤੋਂ ਗਣਿਤਕ ਮਾਡਲਾਂ ਦੀ ਵੀ!

**ਔਰਤ ਸੂਤਰਧਾਰ** :ਸੁਣੇ ਸਨ ਅਸੀਂ ਕਿੱਸੇ ਕਿ ਕਿਵੇਂ ਨੈਸ਼ਨਲ ਓਸ਼ੀਐਨਿਕ ਐਂਡ ਐਟਮਾਸਫ਼ੈਰਿਕ ਐਡਮਨਿਸਟਰਰੇਸ਼ਨ ਯਾਣੀ ਰਾਸਟਰੀ ਸਮੁੰਦਰੀ ਤੇ ਵਾਯੂਮੰਡਲੀ ਪ੍ਰਸ਼ਾਸ਼ਨ ਨਾਮੀ ਅਮਰੀਕੀ ਏਜੈਂਸੀ ਕਰ ਰਹੀ ਹੈ ਯਤਨ ਇਨ੍ਹਾਂ ਮਾਡਲਾਂ ਨੂੰ ਸਿਰਜਨ ਦੇ !

**ਮਰਦ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਹਕੀਕਤ ਇਹ ਹੈ ਕਿ ਜਲਵਾਯੂ ਬਦਲਾਓ ਦਾ ਅਧਿਅਨ ਜੰਗਾਂ ਨਾਲ ਜੋੜ ਕੇ ਵੀ ਕੀਤਾ ਜਾਂਦਾ ਹੈ ਭਾਵ ਜੰਗਾਂ ਦੀ ਵੀ ਭੂਮਿਕਾ ਹੈ ਇਨ੍ਹਾਂ ਫਿਜ਼ਾਵਾਂ ਦੇ ਬਦਲਾਅ ਦੇ ਵਿੱਚ !

**ਔਰਤ ਸੂਤਰਧਾਰ** : ਹੋਈ ਸੀ ਗੱਲ ਕਿ ਵਿਗਿਆਨੀਆਂ ਨੇ ਗਲੋਬਲ ਵਾਰਮਿੰਗ ਅਤੇ ਅਲੱਗ-ਅਲੱਗ ਦੇਸ਼ਾਂ ਵਿੱਚ ਹੋ ਰਹੀਆਂ ਲੜਾਈਆਂ ਵਿਚਕਾਰ ਕੁਝ ਸਬੰਧ ਵੀ ਲੱਭ ਲਏ ਹਨ ਅਤੇ ਇਹ ਵੀ ਕਿ ਸੀਰੀਆ ਦੀ ਹਿੰਸਾ ਨੇ ਇਸ

ਦਿਸ਼ਾ ਵਿੱਚ ਚੱਲ ਰਹੇ ਖੋਜ ਕਾਰਜਾਂ ਨੂੰ ਕਾਫੀ ਤੇਜ ਕੀਤਾ ਹੈ!

**ਮਰਦ ਸੂਤਰਧਾਰ :** ਹੋਈ ਸੀ ਚਰਚਾ ਕਿ ਯੂ ਐਨ ਓ ਦੀ ਇੱਕ ਸ਼ਾਖਾ ਯੂ ਐਨ ਡੀ ਪੀ ਯਾਣੀ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਨੇ ਅਰਬ ਖੇਤਰ ਵਿਚ ਹੋ ਰਹੇ ਝਗੜਿਆਂ ਨਾਲ ਜਲਵਾਯੂ-ਤਬਦੀਲੀ ਦੇ ਸਬੰਧ ਬਾਰੇ ਕਾਫੀ ਤੱਥ ਪੇਸ਼ ਕੀਤੇ ਹਨ !

**ਔਰਤ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਕਿਵੇਂ ਅਰਬਾਂ ਦੇ ਇਨ੍ਹਾਂ ਝਗੜਿਆਂ ਕਾਰਨ ਹੁਣ ਜਲਵਾਯੂ-ਤਬਦੀਲੀ ਦੀ ਰਫ਼ਤਾਰ ਪਹਿਲਾਂ ਨਾਲੋਂ ਕਾਫੀ ਤੇਜ ਹੋ ਗਈ ਹੈ ਜਿਸ ਕਾਰਨ ਸਮਾਜ ਅਤੇ ਸਰਕਾਰਾਂ ਨੂੰ ਇਸ ਨਾਲ ਨਜਿੱਠਣਾ ਔਖਾ ਹੋ ਰਿਹਾ ਹੈ!

**ਮਰਦ ਸੂਤਰਧਾਰ :** ਸੁਣ ਲਿਆ ਸੀ ਤੁਸੀਂ ਇਹ ਵੀ ਕਿ ਜਲਵਾਯੂ-ਬਦਲਾਅ ਅਤੇ ਉਸਦੇ ਪ੍ਰਭਾਵਾਂ ਦੇ ਸਾਰੇ ਪਹਿਲੂਆਂ ਸਬੰਧੀ ਮੁਲਾਂਕਣ ਰਿਪੋਰਟਾਂ ਤਿਆਰ ਕਰਨ ਵਾਸਤੇ, 1988 ਵਿੱਚ ਆਈ ਪੀ ਸੀ ਸੀ ਯਾਣੀ ਜਲਵਾਯੂ ਤਬਦੀਲੀ ਸਬੰਧੀ ਅੰਤਰ-ਸਰਕਾਰੀ ਦਲ ਦੀ ਸਥਾਪਨਾ ਵਿਸ਼ਵ ਮੌਸਮ ਵਿਗਿਆਨ ਸੰਗਠਨ ਯਾਨੀ ਅਤੇ ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰਾਗਰਾਮ ਨੇ ਕੀਤੀ ਸੀ !

**ਔਰਤ ਸੂਤਰਧਾਰ :** ਸੁਣ ਲਈ ਸੀ ਤੁਸੀਂ ਕਹਾਣੀ ਕਿ ਸਾਲ 2007 ਵਿੱਚ ਤਾਂ ਆਈ ਪੀ ਸੀ ਸੀ ਨੂੰ ਸ਼ਾਂਤੀ ਵਾਸਤੇ ਨੋਬਲ ਇਨਾਮ ਵੀ ਮਿਲਿਆ ਸੀ!

**ਮਰਦ ਸੂਤਰਧਾਰ :**ਹੋਈ ਸੀ ਗੱਲ ਕਿ 1979 ਵਿੱਚ ਸਭ ਤੋਂ ਪਹਿਲੀ ਸੰਸਾਰ-ਜਲਵਾਯੂ-ਕਾਨਫਰੰਸ ਨੇ ਨਤੀਜਾ ਕੱਢਿਆ ਕਿ ਜਲਵਾਯੂ ਬਦਲਾਅ ਧਿਆਨ ਦੇਣ ਵਾਲੀ ਇਕ ਵਿਸ਼ਵ-ਪੱਧਰੀ ਸਮੱਸਿਆ ਬਣ ਗਈ ਹੈ ਜਿਸ ਕਰਕੇ ਵਿਸ਼ਵ ਮੌਸਮ ਵਿਗਿਆਨ ਸੰਗਠਨ ਅਤੇ ਹੋਰ ਵਿਗਿਆਨਕ ਸੰਸਥਾਵਾਂ ਦੁਆਰਾ ਸੰਚਾਲਿਤ ਇਕ 'ਵਿਸ਼ਵ ਜਲਵਾਯੂ ਪ੍ਰੋਗਰਾਮ' ਸਥਾਪਿਤ ਕਰ ਦਿੱਤਾ ਗਿਆ ਸੀ।

**ਔਰਤ ਸੂਤਰਧਾਰ :** ਹਾਂ ਜੀ ਹੋਈ ਸੀ ਚਰਚਾ ਕਿ 1988 ਵਿਚ ਟਰਾਂਟੋ-ਸੰਮੇਲਨ ਵਿੱਚ 46 ਦੇਸ਼ਾਂ ਦੇ 340 ਤੋਂ ਵੀ ਵੱਧ ਪ੍ਰਤੀਭਾਗੀਆਂ ਨੇ ਸਰਬ ਸੰਮਤੀ ਨਾਲ ਜਲਵਾਯੂ ਦੀ ਸੁਰੱਖਿਆ ਲਈ ਇਕ ਵਿਆਪਕ ਗਲੋਬਲ ਫਰੇਮਵਰਕ ਕਨਵੈਂਸ਼ਨ ਤਿਆਰ ਕਰਨ ਦੀ ਸਿਫਾਰਸ ਕੀਤੀ ਸੀ !

**ਮਰਦ ਸੂਤਰਧਾਰ :** ਦੂਰ ਕਰਨ ਵਾਸਤੇ ਸ਼ੰਕੇ ਜਿਹੜੇ ਉੱਠੇ ਸਨ ਸਾਡੇ ਮਨਾਂ ਦੇ ਅੰਦਰ, ਪਿਛਲੀਆਂ ਨੌਂ ਕੜੀਆਂ ਦੀਆਂ ਕਹਾਣੀਆਂ ਸੁਣਨ ਤੋਂ ਬਾਅਦ, ਕੀਤੇ ਸਨ ਅਸੀਂ ਯਤਨ !

**ਔਰਤ ਸੂਤਰਧਾਰ :** ਹਾਂ ਜੀ ਇਸ ਕੜੀ ਵਿੱਚ ਅਸੀਂ ਬਿਆਨ ਕੀਤੀ ਸੀ ਕਹਾਣੀ ਪਾਰਟੀਆਂ ਦੀ ਕਾਨਫਰੈਂਸ ਦੀ ਤੇ ਹੋਰ ਯਤਨਾਂ ਦੀ ਵੀ !

**ਮਰਦ ਸੂਤਰਧਾਰ :** ਅੱਜ ਦੀ ਇਸ ਕੜੀ ਵਿੱਚ ਅਸੀਂ ਬਿਆਨ ਕਰਾਂਗੇ ਕਹਾਣੀ ਕਿਓਟੋ ਮਰਿਆਦਾ ਸਮਝੋਤੇ ਦੀ ਤੇ ਉਸਦੇ ਪ੍ਰਭਾਵਾਂ ਦੀ !

**ਔਰਤ ਸੂਤਰਾਧਾਰ :** ਲਓ ਸੁਣੋ ਇਸ ਨਵੇਂ ਲੜੀਵਾਰ '**ਕਿਉਂ ਬਦਲ ਰਹੀ ਹੈਂ ਫਿਜ਼ਾਏਂ**' ਦੀ ਇਕੱਤੀਵੀਂ ਕੜੀ "**ਜਲਵਾਯੂ ਬਦਲਾਅ ਦਾ ਮੁਕਾਬਲਾ-ਕਿਓਟੋ ਮਰਿਆਦਾ ਸਮਝੌਤਾ**" ਲਓ! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

……**ਲੜੀਵਾਰ ਦੀ ਧੁਨ**……

……ਦ੍ਰਿਸ਼ ਬਦਲਾਅ ਸੰਗੀਤ……

……ਦ੍ਰਿਸ਼ ਪਹਿਲਾ……

(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)

(ਕੌਫ਼ੀ ਦੀ ਦੁਕਾਨ... ਮੱਧਮ ਚਾਨਣ। ਚਾਰ ਦੋਸਤ, ਹਰਿੰਦਰ, ਅਜੈ, ਕਮਲਾ ਅਤੇ ੍ਰਬੰਸ ਇਕ ਟੇਬਲ ‘ਤੇ ਬੈਠਕੇ ਕੌਫੀ ਦਾ ਮਜ਼ਾ ਲੈ ਰਹੇ ਹਨ। ਚਾਰੇ ਦੋਸਤ ਅਧੇੜ ਉਮਰ ਦੇ ਹਨ।)

**ਹਰਿੰਦਰ:** ਅੱਜ ਕਿਸ ਫਲੇਵਰ ਦਾ ਆਰਡਰ ਦਿੱਤਾ ਸੀ, ਅਜੈ?

**ਕਮਲਾ:** ਹੈਂ ! ਇਹ ਤਾਂ ਕਿਸੇ ਵੀ ਐਂਗਲ ਤੋਂ ਕੌਫੀ ਤਾਂ ਲੱਗ ਹੀ ਨਹੀਂ ਰਹੀ। ਮੈਂ ਤਾਂ ਕੌਫੀ ਹੀ ਪੀਵਾਂਗਾ ਹੋਰ ਕੁਝ ਨਹੀਂ।

**ਹਰਬੰਸ:** ਕਮਲਾ, ਐਨਾ ਗੁੱਸੇ ਨਾ ਹੋ। ਤੈਨੂੰ ਪਤਾ ਨਹੀਂ ! ਲੱਗਦਾ ਹੈ, ਪਹਿਲੀ ਵਾਰ ਇਸ ਦੁਕਾਨ ਤੇ ਆਇਆ ! ਦਰਅਸਲ ਇਹ ਕੌਫੀ ਹੀ ਹੈ ਪਰ ਜਾਣਦੇ ਹੋ ਇਸ ਵਿੱਚ ਹੋਰ ਕੁਝ ਵੀ ਮਿਲਾਇਆ ਗਿਆ ਹੈ। ਇਸ ਨਾਲ ਕੌਫੀ ਦਾ ਸਵਾਦ ਹਲਕਾ ਪੈ ਜਾਂਦਾ ਹੈ।

**ਕਮਲਾ:** ਅੱਛਾ ! ਤਾਂ ਇਹ ਗੱਲ ਹੈ ! ਸਵਾਦ ਵਿਚ ਇਹ ਬਦਲਾਅ ਤਾਂ ਉਸ ਵਿਸ਼ੇਸ਼ ਪਦਾਰਥ ਦੀ ਬਦੌਲਤ ਐ ! ਕੌਫ਼ੀ ਦਾ ਕੋਈ ਦੋਸ਼ ਨਹੀਂ। (ਹੱਸਦੇ ਹੋਏ)

**ਅਜੈ:** ਅੱਜ ਇੱਥੇ ਜਾਪਾਨੀ ਫਲੇਵਰ ਵਾਲੀ ਵਿਸ਼ੇਸ਼ ਪਦਾਰਥ ਨਾਲ ਤਿਆਰ ਕੀਤੀ ਗਈ ਕੌਫ਼ੀ ਵਰਤਾਈ ਜਾ ਰਹੀ ਹੈ। (ਹੱਸਦੇ ਹੋਏ) ਚੰਗਾ ਵੇਖਦੇ ਹਾਂ- ਸ੍ਰੀ- ਇਸ ਨੂੰ ਪਸੰਦ ਕਰਦਾ ਹੈ ਜਾਂ ਨਹੀਂ।

**ਹਰਬੰਸ:** ਓਏ! ਆਪਣੀ ਬਹਿਸ ਵਿੱਚ ਗੇਂਦ ਮੇਰੇ ਪਾਲੇ ਵਿੱਚ ਕਿਉਂ ਸੁੱਟ ਰਹੇ ਹੋ ? ਦੂਜਿਆਂ ਦੀ ਪਸੰਦ-ਨਾਪਸੰਦ ਦਾ ਵੀ ਖਿਆਲ਼ ਰੱਖੋ !

**ਹਰਿੰਦਰ:** ਕਿਉਂ ਨਹੀਂ? **(ਹੱਸਦੇ ਹੋਏ)** ਸਾਡੇ ਦੋਸਤਾਂ ‘ਚੋਂ ਤੁਸੀਂ ਹੀ ਤਾਂ ਹੋ, ਜਿਸ ਨੇ ਜਾਪਾਨ ਦੀ ਧਰਤੀ ਵਿੱਚ ਸਾਹ ਲਿਆ ਹੈ।

**ਹਰਬੰਸ:** ਉਹ! ਤੁਸੀਂ ਜਪਾਨ ਵਾਲੀ ਮੇਰੀ ਯਾਤਰਾ ਦੀ ਗੱਲ ਕਰ ਰਹੇ ਹੋ। ਉਹ ਤਾਂ ਚੱਕਰਵਾਤੀ ਯਾਤਰਾ ਸੀ- ਸਿਰਫ਼ ਇਕ ਹਫ਼ਤੇ ਦੀ। ਐਂਵੇ ਲੱਗਿਆ ਇੱਥੋਂ ਗਏ ਤੇ ਉੱਥੋਂ ਮੁੜ ਆਏ।

**ਹਰਿੰਦਰ:** ਜਿਵੇਂ ਆਖਣਾ ਆਖ ਲੈ ! ਅਸੀਂ ਤਾਂ ਇਹ ਜਾਣਦੇ ਹਾਂ ਕਿ ਸਾਡੇ ‘ਚੋਂ ਤਾਂ ਕੋਈ ਵੀ ਉੱਥੇ ਇਕ ਮਿੰਟ ਦੇ ਲਈ ਵੀ ਨਹੀਂ ਕਦੀ ਗਿਆ !

**ਅਜੈ:** ੍ਰਬੰਸ ! ਮੈਨੂੰ ਯਾਦ ਹੈ ਤੁਹਾਡਾ ਕੰਮ ਤਾਂ ਕਿਓਟੋ ਵਿੱਚ ਹੀ ਸੀ। ਸਹੀ ਕਿਹਾ ਨਾ ?

**ਹਰਬੰਸ:** ਹਾਂ ਠੀਕ ਹੈ ਤੇਰਾ ਕਹਿਣਾ ! ਉਥੇ ਮੈਂ ਆਪਣੀ ਸੰਸਥਾ ਦੇ ਵੱਲੋਂ ਕਈ ਬੈਠਕਾਂ ਵਿੱਚ ਭਾਗ ਲੈਣਾ ਸੀ, ਤਾਕਿ ਉਸ ਨਾਲ ਅਸੀਂ ਆਪਣੇ ਪ੍ਰੋਜੈਕਟ ਨੂੰ ਅੰਤਿਮ ਰੂਪ ਦੇ ਸਕੀਏ ! ਬਸ.. ਐਨਾ ਹੀ ਕੰਮ ਸੀ।

**ਹਰਿੰਦਰ:** **(ਹੱਸਦੇ ਹੋਏ)** ਬਸ ਐਨਾ ਹੀ!

**ਹਰਬੰਸ:** ਲੱਤ ਖਿੱਚਣਾ ਦਾ ਤੁਹਾਡੀ ਪੁਰਾਣੀ ਆਦਤ ਹੈ। ਮੈਨੂੰ ਕੋਈ ਫ਼ਰਕ ਨਹੀਂ ਪੈਂਦਾ।

**ਕਮਲਾ:** ਕਿਓਟੋ ਆਉਂਦੇ ਹੀ ਉਸ ਇਤਿਹਾਸਕ ਸਮਝੌਤੇ ਦੀ ਯਾਦ ਤਾਜ਼ਾ ਹੋ ਜਾਂਦੀ ਹੈ।

**ਅਜੈ:** ਹਰਿੰਦਰ! ਧਿਆਨ ਨਾਲ ਬੋਲਣਾ ! ਹਰਬੰਸ ਦੇ ਜੋਟੀਦਾਰ ਵੀ ਇੱਥੇ ਹੀ ਬੈਠੇ ਨੇ। ਕਮਲਾ- ਕੌਫ਼ੀ ਪਸੰਦ ਨਹੀਂ ਕਰਦਾ। ਇਹ ਤਾਂ ਠੀਕ ਹੈ ਪਰ ਕਿਓਟੋ ਬਾਰੇ ਉਸ ਨੂੰ ਚੰਗੀ ਜਾਣਕਾਰੀ ਹੈ।

**ਕਮਲਾ:** ਚੁੱਪ ਕਰੋ। ਅੱਜ-ਕੱਲ੍ਹ ਬੱਚਾ-ਬੱਚਾ ਇਸ ਬਾਰੇ ਜਾਣਦਾ ਹੈ। ਤੁਸੀਂ ਪਿੱਛੇ ਕਿਉਂ ਪੈ ਗਏ? No more leg pulling.

**ਹਰਿੰਦਰ:** ਵੇਖੋ! ਅਜੈ ਕਿੰਨਾਂ ਗੰਭੀਰ ਹੋ ਗਿਆ ਹੈ !

**ਕਮਲਾ:** ਹਰਬੰਸ, ਮੈਂ ਉਸ ਨੂੰ Seriously (ਗੰਭੀਰਤਾ ਨਾਲ) ਨਹੀਂ ਲੈਂਦਾ। ਚੰਗਾ ਦੱਸੋ, ਕੀ ਤੁਸੀਂ ਉਸ ਥਾਂ 'ਤੇ ਗਏ ਸੀ, ਜਿੱਥੇ ਬੈਠ ਕੇ ਸਾਰੇ ਦੇਸ਼ਾਂ ਨੇ ਦਸਤਖ਼ਤ ਕੀਤੇ ਸੀ ?

**ਹਰਬੰਸ:** ਅਸਲ 'ਚ ਸਾਡੀਆਂ ਸਾਰੀਆਂ ਮੀਟਿੰਗਾਂ ਉਸੇ ਸਥਾਨ 'ਤੇ ਰੱਖੀਆਂ ਗਈਆਂ ਸਨ, ਜਿੱਥੇ ਪ੍ਰੋਟੋਕਾਲ ਦਾ ਮਸੌਦਾ ਤਿਆਰ ਕੀਤਾ ਗਿਆ ਸੀ। ਪਹਿਲਾਂ ਇਹ ਕਾਨਫ਼ਰੰਸ ਹਾਲ ਹੁੰਦਾ ਸੀ ਪਰ ਹੁਣ ਇਸ ਨੂੰ ਕਿਓਟੋ ਅੰਤਰਰਾਸ਼ਟਰੀ ਸੰਮੇਲਣ ਕਕਸ਼ (ਕਮਰਾ) ਦੇ ਨਾਂ ਨਾਲ ਜਾਣਿਆ ਜਾਂਦਾ ਹੈ।

**ਕਮਲਾ:** ਬਹੁਤ ਅੱਛਾ!

**ਹਰਬੰਸ:** ਅਸਲ 'ਚ ਇਹ ਬਣਿਆ ਵੀ ਬਹੁਤ ਸੁੰਦਰ ਹੈ। ਇਹ ਇਕ ਝੀਲ ਦੇ ਕਿਨਾਰੇ ਬਣਾਇਆ ਗਿਆ ਹੈ। ਅਜੈ! ਤੁਹਾਨੂੰ ਪਤਾ ਹੈ ਬਹੁਤ ਲੋਕਪ੍ਰਿਯ ਫ਼ਿਲਮ "ਦੀ ਚੈਲੇਂਜ਼' ਦੇ ਅੰਤਲੇ ਭਾਗ ਨੂੰ ਇੱਥੇ ਹੀ ਫਿਲਮਾਇਆ ਗਿਆ ਸੀ।

**ਹਰਿੰਦਰ:** ਮੈਨੂੰ ਯਾਦ ਆ ਰਿਹਾ ਹੈ। ਇਸ ਫ਼ਿਲਮ ਦਾ ਨਿਰਮਾਣ 80 ਦੇ ਦਹਾਕੇ ਦੇ ਪਹਿਲੇ ਅੱਧ ਵਿੱਚ ਕੀਤਾ ਗਿਆ ਸੀ।

**ਕਮਲਾ:** ਵੇਖੋ **(ਹੱਸਦੇ ਹੋਏ)** ਹਰਿੰਦਰ ਵੀ ਕਿਓਟੋ ਪਹੁੰਚ ਗਿਆ।

**ਹਰਬੰਸ:** ਪਰ ਕਿਓਟੋ ਨੂੰ ਸੰਸਾਰ ਵਿਆਪੀ ਪਹਿਚਾਣ ਤਾਂ ਵਾਤਾਵਰਨ ਸੰਮੇਲਣ ਦੇ ਬਾਅਦ ਹੀ ਮਿਲੀ !

**ਅਜੈ:** **(ਲੰਮੇ ਸਾਹ ਨਾਲ)** ਉਹ! ਪਤਾ ਨਹੀਂ ਕਿਉਂ ਸਾਲ ਦਰ ਸਾਲ ਸੰਮੇਲਣ ਤੇ ਸੰਮੇਲਣ। ਕਿਉਂ ਨਹੀਂ ਸਾਰਾ ਮਸਲਾ ਇਕ ਵਾਰ ਹੀ ਸੁਲਝਾ ਲਿਆ ਜਾਂਦਾ।

**ਹਰਬੰਸ:** ਦਰਅਸਲ ਮੈਂ ਉੱਥੇ ਗਿਆ ਤਾਂ ਹਾਂ ਪਰ ਵਾਤਾਵਰਨ ਨਾਲ ਸੰਬੰਧਿਤ ਵਿਸ਼ਿਆਂ ਦਾ ਗਿਆਤਾ ਨਹੀਂ ਹਾਂ ! ਫਿਰ ਵੀ ਜਿੱਥੋਂ ਤੱਕ ਮੈਂ ਜਾਣ ਸਕਿਆ ਹਾਂ ਇਹ ਰੁਕਾਵਟਾਂ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਵਿਚਕਾਰ ਤਾਕਤ ਬਟਵਾਰੇ ਦੀ ਖਹਿਬਾਜੀ ਦੇ ਕਾਰਨ ਹੈ।

**ਕਮਲਾ:** ਵਾਤਾਵਰਨ 'ਤੇ ਬੁਲਾਈ ਗਈ, ਇਹ ਤੀਸਰੀ ਕਾਨਫ਼ਰੰਸ ਸੀ। ਜਿਸਨੂੰ ਕਿਓਟੋ ਵਿੱਚ ਆਯੋਜਿਤ ਕੀਤਾ ਗਿਆ ਸੀ। ਹੁਣ ਇਨ੍ਹਾਂ ਕਾਨਫਰੰਸਾਂ ਦਾ ਆਯੋਜਨ ਲਗਾਤਾਰ ਕੀਤਾ ਜਾ ਰਿਹਾ ਹੈ। ਸਾਰੇ ਦੇਸ਼ਾਂ ਦੇ ਪ੍ਰਤੀਨਿਧੀ (Conference of Parties ) ਹਰ ਸਾਲ ਮਿਲਦੇ ਹਨ !

**ਹਰਿੰਦਰ:** ਕਿਸ ਪ੍ਰਕਾਰ ਦੀਆਂ ਪਾਰਟੀਆਂ? ਰਾਜਨੀਤਿਕ ਜਾਂ ਹੋਰ

**ਕਮਲਾ:** ਇੱਥੇ ਵਿਭਿੰਨ ਦੇਸ਼ ਪ੍ਰਤੀਨਿਧੀਆਂ ਦੇ ਰੂਪ ਵਿੱਚ ਭਾਗ ਲੈਂਦੇ ਹਨ। ਹਾਲਾਂਕਿ ਉਨ੍ਹਾਂ ਸਾਰਿਆਂ ਦੀ ਰਾਜਨੀਤਿਕ ਪਹਿਚਾਣ ਹੁੰਦੀ ਹੈ ਪਰ UNFCC ਦੇ ਤਹਿਤ ਹਰ ਦੇਸ ਨੂੰ ਪਾਰਟੀ ਹੀ ਕਿਹਾ ਜਾਂਦਾ ਹੈ। (ਹਰਿੰਦਰ ਦੇ ਮੂੰਹ 'ਚ ਕੌਫ਼ੀ ਬਾਹਰ ਆਉਂਦੀ ਹੋਈ)

**ਹਰਿੰਦਰ:** ਕੀ-ਕੀ ਕਿਹਾ?

**ਕਮਲਾ:** UNFCC ਦਾ ਮਤਲਬ ਹੈ United Nations Framework Convention On Climate ਇਹ ਵਾਤਾਵਰਨ ਨੂੰ ਵੇਖਣ ਵਾਲੀ ਇਕ ਅੰਤਰਰਾਸ਼ਟਰੀ ਸੰਸਥਾ ਹੈ। ਇਸ ਦਾ ਵਿਚਾਰ- ਰਿਓ ਡੀ ਜੈਨੇਰੀਓ ਵਿਚ ਆਯੋਜਿਤ ਧਰਤ ਸੰਮੇਲਣ ਵਿਚ ਆਇਆ ਸੀ। ਉਸ ਵਿਚਾਰ ‘ਤੇ ਮਾਰਚ, 1994 ਵਿਚ ਅਮਲ ਕੀਤਾ ਗਿਆ ਸੀ।

**ਅਜੈ:** ਹਰਿੰਦਰ ਇਸ ਨੂੰ ਹੀ ਤਾਂ ਫੰਡਾ ਕਿਹਾ ਜਾਂਦਾ ਹੈ। ਕਮਲਾ ਦੇ ਗਿਆਨ ਨੂੰ ਹਲਕੇ ‘ਚ ਨਾ ਲਉ ਦੋਸਤੋ!

**ਹਰਿੰਦਰ:** ਅਜੈ! ਮੇਰਾ ਇਹ ਮਤਲਬ ਨਹੀਂ ਸੀ। ਮੈਨੂੰ ਦੋਸਤਾਂ ਦੇ ਮਾਣ-ਸਨਮਾਣ ਦਾ ਧਿਆਨ ਹੈ। ਕਮਲਾ, ਕੀ ਤੁਸੀਂ ਦੱਸੋਗੇ ਇਸ ਸੰਮੇਲਣ ਦਾ ਅਜੰਡਾ ਕੀ ਸੀ?

**ਕਮਲਾ:** ਅੱਛਾ ਤਾਂ ਤੁਸੀਂ UNFCC ਦੀ ਗੱਲ ਕਰ ਰਹੇ ਹੋ ! ਪਰ ਹਰਿੰਦਰ ਪਹਿਲਾਂ ਇਹ ਦੱਸੋ ਕਿ ਕੀ ਤੁਸੀਂ ਆਪਣੇ ਬੱਚਿਆਂ ਦੇ ਹੋਮ-ਵਰਕ ‘ਚ ਮੱਦਦ ਨਹੀਂ ਕਰਦੇ ? ਉਨ੍ਹਾਂ ਨੂੰ ਵੀ ਤਾਂ ਤੁਹਾਡੀ ਮੱਦਦ ਚਾਹੀਦੀ ਹੈ।

**ਹਰਿੰਦਰ:** ਨਹੀਂ ਦੋਸਤ ! ਇਹ ਸੱਭ ਮੇਰੀ ਪਤਨੀ ਕਰ ਲੈਂਦੀ ਹੈ। ਬੱਚਿਆਂ ਨੂੰ ਪਤਾ ਹੈ, ਪਾਪਾ ਤੋਂ ਕੋਈ ਸਹਿਯੋਗ ਮਿਲਣ ਵਾਲਾ ਨਹੀਂ ! (ਹੱਸਦੇ ਹੋਏ)

**ਹਰਬੰਸ:** (ਹੱਸਦੇ ਹੋਏ) ਕਮਲਾ, ਇਨ੍ਹਾਂ ਦੇ ਸ਼ਾਂਤ ਪਰਿਵਾਰਕ ਜੀਵਨ ‘ਚ ਤਾਕ-ਝਾਕ ਕਰਨ ਦੀ ਥਾਂ ਤੁਸੀਂ ਇਹ ਦੱਸੋ ਕਿ UNFCC ਕੰਨਵੈਂਸ਼ਨ ਕੀ ਹੈ?

**ਕਮਲਾ:** ਇਸ ਸਮਝੌਤੇ ਦੇ ਤਹਿਤ ਸਾਰੇ ਦੇਸ਼ ਜਿਨ੍ਹਾਂ ਨੇ ਇਸ ‘ਤੇ ਦਰਤਖ਼ਤ ਕੀਤੇ ਸਨ, ਉਨ੍ਹਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਨਿਰਧਾਰਿਤ ਪੱਧਰ ਤੱਕ ਗ੍ਰੀਨ-ਹਾਊਸ ਗੈਸਾਂ ਦੇ ਉਤਸਰਜਨ ‘ਤੇ ਰੋਕ ਲਗਾਉਣਗੇ।

**ਅਜੈ:** ਗ੍ਰੀਨ ਹਾਊਸ ਗੈਸ- ਜਿਵੇਂ ਕਿ ਕਾਰਬਨ ਡਾਈਆਕਸਾਈਡ ਆਦਿ !

**ਕਮਲਾ:** ਸਹੀ ਕਿਹਾ। ਜਦੋਂ ਤੱਕ ਤੁਸੀਂ ਇਹ ਪਤਾ ਨਾ ਕਰ ਲਉ ਕਿ ਵਾਯੂਮੰਡਲ ਵਿੱਚ ਕਿੰਨੀ ਮਾਤਰਾ ‘ਚ ਗ੍ਰੀਨ-ਹਾਊਸ ਗੈਸਾਂ ਛੱਡੀਆਂ ਗਈਆਂ ਹਨ ਅਤੇ ਉਹ ਕਿੱਥੋਂ ਆਈਆਂ ਹਨ , ਉਦੋਂ ਤੱਕ ਕੰਮ ਅੱਗੇ ਨਹੀਂ ਵਧ ਸਕਦਾ।

**ਹਰਬੰਸ:** ਹਾਂ ! ਇਨ੍ਹਾਂ ਗੈਸਾਂ ਦੇ ਉਤਸਰਜਨ ਦੇ ਅੰਕੜਿਆਂ ਦੇ ਹਿਸਾਬ ਨਾਲ ਉਨ੍ਹਾਂ ਨੇ ਸਾਰੇ ਦੇਸ਼ਾਂ ਨੂੰ ਸ਼੍ਰੇਣੀਆਂ ‘ਚ ਵੰਡਿਆ ਹੈ।

**ਹਰਿੰਦਰ:** ਇਸ ਦੀ ਪਹਿਲੀ ਸ਼੍ਰੇਣੀ ‘ਚ ਕਿੰਨ੍ਹਾਂ-ਕਿੰਨ੍ਹਾਂ ਦੇਸ਼ਾਂ ਨੂੰ ਰੱਖਿਆ ਗਿਆ ਹੈ?

**ਹਰਬੰਸ:** ਲਓ ਸੁਣੋ ! ਉਦਯੋਗਕ ਦੇਸ ਜਿਵੇਂ ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਅਤੇ ਯੂਰਪ ਸੰਘ ਦੇ ਦੇਸ਼ ਇਸ ਸ਼੍ਰੇਣੀ ‘ਚ ਰੱਖੇ ਗਏ ਹਨ। ਤੁਹਾਨੂੰ ਹੈਰਾਨੀ ਹੋਵੇਗੀ ਕਿ ਸਾਈਪ੍ਰਸ, ਇਸਟੋਨਿਆ, ਬਾਇਲਾਰੂਸ ਵਰਗੇ ਦੇਸ਼ ਵੀ ਇਸ ਸ਼੍ਰੇਣੀ ਵਿੱਚ ਆਉਂਦੇ ਹਨ।

**ਹਰਿੰਦਰ:** ਚੰਗਾ ਹੈ, ਇਸ ‘ਚ ਕਿਸੇ ਨੂੰ ਇਤਰਾਜ਼ ਨਹੀਂ ਹੈ। (ਹੱਸਦੇ ਹੋਏ)

**ਹਰਬੰਸ:** ਅਜੈ, ਅੱਜ-ਕੱਲ੍ਹ ਤੁਸੀਂ ਕੀ ਕਰ ਰਹੇ ਹੋ? ਨਾਲੇ ਜੇ ਕੌਫ਼ੀ ਦਾ ਇਕ ਦੌਰ ਹੋਰ ਹੋ ਜਾਵੇ ? ਨਾਲੇ ਇਹ ਵੀ ਦੱਸੋ- ਤੁਹਾਡੇ ਬੱਚੇ ਕਿਸ ਕਲਾਸ ‘ਚ ਆ ਗਏ ਹਨ।

**ਅਜੈ:** ਵੱਡੀ ਬੇਟੀ ਗਿਆਰਵੀਂ ਵਿੱਚ ਤੇ ਛੋਟਾ ਬੇਟਾ ਅੱਠਵੀਂ ‘ਚ ਹੈ !

**ਹਰਬੰਸ:** ਬਹੁਤ ਪਿਆਰੇ ਬੱਚੇ ਹਨ। ਬਹੁਤ ਸਮੇਂ ਤੋਂ ਉਨ੍ਹਾਂ ਨੂੰ ਮਿਲਿਆ ਨਹੀਂ ਗਿਆ ! ਅੱਗੇ ਕਿਸ ਫੀਲਡ ‘ਚ ਜਾਣਾ ਚਾਹੁੰਦੇ ਹਨ?

**ਅਜੈ:** (ਹੱਸਦੇ ਹੋਏ) ਬੇਟੀ ਡਾਕਟਰ ਬਣਨਾ ਚਾਹੁੰਦੀ ਹੈ। ਜਿੱਥੋਂ ਤੱਕ ਛੋਟੇ ਬੇਟੇ ਦੀ ਗੱਲ ਹੈ ਉਹ ਤਾਂ ਵਿਰਾਟ ਕੋਹਲੀ ਬਣਨ ਦੀ ਗੱਲ ਕਰਦਾ ਹੈ !

**ਕਮਲਾ:** ਬਹੁਤ ਚੰਗਾ ਹੈ ਪਰ ਡਾਕਟਰਾਂ ਦਾ ਕੰਮ ਅੱਜ ਕੱਲ੍ਹ ਕੁੱਝ ਜਿਆਦਾ ਹੀ ਜੋਖਮ ਵਾਲਾ ਹੈ ! ਮੌਜੂਦਾ ਵਿਕਾਸ ਦੇ ਮਾਡਲ ਵਿੱਚ ਤਾਂ ਹਰ ਚੀਜ ਵਪਾਰ ਬਣਈ ਜਾ ਰਹੀ ਹੈ!

**ਅਜੈ:** ਛੋਟੇ ਬੇਟੇ ਦੇ ਮਨ 'ਚ ਅਨੇਕਾਂ ਪਲਾਨਿੰਗਾਂ ਘੁੰਮਦੀਆਂ ਰਹਿੰਦੀਆਂ ਹਨ। ਇਕ ਹਫ਼ਤੇ ਪਹਿਲਾਂ ਆਖ ਰਿਹਾ ਸੀ, ਮੈਂ ਗ਼ਰੀਬ-ਟੱਪਰੀਵਾਸ-ਬੇਘਰੇ ਲੋਕਾਂ ਦੇ ਲਈ ਕੰਮ ਕਰਾਂਗਾ।

**ਹਰਬੰਸ:** ਇਹ ਤਾਂ ਚੰਗੀ ਗੱਲ ਹੈ। ਫਿਰ ਕਿਉਂ ਚਿੰਤਾ ਕਰਦੇ ਹੋ?

**ਅਜੈ:** ਇਸ 'ਚ ਚੰਗਾ ਕੀ ਹੈ? ਜਦੋਂ ਮੈਂ ਪੁੱਛਦਾ ਹਾਂ ਤਾਂ ਕਹਿੰਦਾ ਹੈ ਕਿ ਅੱਗੇ ਜਾ ਕੇ ਉਹ ਆਫ਼ਤ ਪ੍ਰਬੰਧਨ ਦੇ ਖੇਤਰ 'ਚ ਪੜ੍ਹਣਾ ਚਾਹੁੰਦਾ ਹੈ।

**ਹਰਬੰਸ:** ਅਜੈ, ਕੋਈ ਚਿੰਤਾ ਦੀ ਗੱਲ ਨਹੀਂ। ਆਫ਼ਤ ਪ੍ਰਬੰਧਨ ਇਕ ਨਵਾਂ ਖੇਤਰ ਹੈ।ਕਿਉਂ ਕਮਲਾ, ਵਾਤਾਵਰਨ ਨਾਲ ਸੰਬੰਧਿਤ ਵਿਸ਼ੇ ਵੀ ਤਾਂ ਇਸ 'ਚ ਆਉਂਦੇ ਹੀ ਨੇ।

**ਕਮਲਾ:** ਬਿਲਕੁਲ ! ਆਫਤ ਪ੍ਰਬੰਧਨ ਦਾ ਦਾਇਰਾ ਬਹੁਤ ਵੱਡਾ ਹੈ। ਇਕ ਪਾਸੇ ਤੁਹਾਨੂੰ ਕਾਰਬਨ ਉਤਸਰਜਨ ਘੱਟ ਕਰਨ ਦੇ ਲਈ ਚੁੱਕਣੇ ਪੈਂਦੇ ਹਨ ਤੇ ਦੂਜੇ ਪਾਸੇ ਕੁਦਰਤ ਜਾਂ ਮਨੁੱਖੀ ਨਿਰਮਿਤ ਭਿਆਨਕ ਆਫ਼ਤਾਂ ਨਾਲ ਹੋਣ ਵਾਲੀ ਜਨ-ਮਾਲ ਦੀ ਹਾਨੀ ਨੂੰ ਘੱਟ ਤੋਂ ਘੱਟ ਕਰਨ ਦੇ ਲਈ ਪੇਸ਼ਬੰਦੀਆਂ ਕਰਨੀਆਂ ਪੈਂਦੀਆਂ ਹਨ !

**ਹਰਬੰਸ:** ਹਰਿੰਦਰ ਤਾਂ ਇਸ ਵਿਸ਼ੇ ਦਾ ਮਾਸਟਰ ਹੈ। ਵੇਖੋ ਕੌਫੀ ਦੀ ਟ੍ਰੇ ਨੂੰ ਕਿਵੇਂ ਫੜਿਆ ਹੋਇਆ ਹੈ ? ਕੀ ਪ੍ਰਬੰਧਨ ਹੈ? (ਹੱਸਦੇ ਹੋਏ)

**ਹਰਿੰਦਰ:** ਮੇਰਾ ਗੁਣ ਮੇਰੇ 'ਤੇ ਹੀ ਲਾਗੂ ! ਹੁਣ ਹੋਰ ਨਹੀਂ, ਛੇਤੀ ਆਉ ਅਤੇ ਆਪਣੀ ਕੌਫੀ ਫੜੋ। (ਹੱਸਦੇ ਹੋਏ)

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਦੂਜਾ**……

**(ਦ੍ਰਿਸ਼ ਬਦਲਾਅ ਸੰਗੀਤ ……………………..ਮੱਧਮ ਪੈਂਦਾ ਹੈ)**

**#(ਹਰਿੰਦਰ ਕੌਫੀ ਫੜਾਉਂਦਾ ਹੈ ਹਰਬੰਸ ਦਾ ਧਿਆਨ-ਦੀਵਾਰ 'ਤੇ ਲੱਗੇ ਪੇਪਰ ਦੇ ਵੱਲ)**

**ਹਰਬੰਸ:** ਕੰਧ 'ਤੇ ਲੱਗੇ ਵਾਲਪੇਪਰ ਨੂੰ ਵੇਖੋ। ਕਿੰਨਾਂ ਸੋਹਣਾ ਲੱਗ ਰਿਹਾ ਹੈ?

**ਕਮਲਾ** : ਹਾਂ। ਜਦੋਂ ਤੱਕ ਉਸ ਵਿਚਲੀਆਂ ਲਹਿਰਾਂ ਸਭ ਕੁਝ ਤਬਾਹ ਨਾ ਕਰ ਦੇਣ ! (ਹੱਸਦੇ ਹੋਏ)

**ਹਰਿੰਦਰ**: ਕਿੰਨਾਂ ਨਕਾਰਾਤਮਕ ਵਿਚਾਰ ! ਕੀ ਤੁਸੀਂ ਲਹਿਰਾਂ ਦੀ ਇਸ ਸੁੰਦਰ ਕਲਾ ਦੀ ਪ੍ਰਸ਼ੰਸਾ ਨਹੀਂ ਕਰ ਸਕਦੇ ?

**ਕਮਲਾ**: ਮੈਂ ਇਸ ਫੋਟੋ ਦੀ ਕਲਾ ਦੀ ਸਿਫਤ ਤਾਂ ਕਰਾਂਗੀ ਪਰ ਦੂਜੇ ਪਾਸੇ ਇਨ੍ਹਾਂ ਲਹਿਰਾਂ ਰਾਹੀਂ ਮਚਾਈ ਤਬਾਹੀ ਕਾਰਨ ਅਸਮਰੱਥ ਭੱਜਦੇ ਹੋਏ ਲੋਕਾਂ ਦੇ ਦੁੱਖਾਂ ਦੇ ਪਹਾੜਾਂ ਦੀ ਵੀ ਮੈਨੂੰ ਚਿੰਤਾ ਹੈ !

**ਅਜੈ**: ਵੇਖੋ, ਫਿਰ ਆ ਗਈ ਨਾ ਆਪਣੀ ਹੀ ਆਈ 'ਤੇ ! ਬੱਸ ਇਸ ਨੂੰ ਤਾਂ ਗਲੋਬਲ ਵਾਰਮਿੰਗ, ਸੁਨਾਮੀ ਦੀਆਂ ਲਹਿਰਾਂ, ਭੂਚਾਲ ਨਾਲ ਬਹੁਤ ਵੱਡੀ ਹਾਨੀ ਹੁੰਦੀ ਹੀ ਨਜਰੀਂ ਪੈਂਦੀ ਹੈ।

**ਹਰਿੰਦਰ**: ਇਸ ਤਬਾਹੀ ਬਾਬਤ ਤਾਂ ਸਾਰੇ ਹੀ ਜਾਣਦੇ ਹਨ, ਹੱਡੀਂ ਹੰਢਾਉਂਦੇ ਨੇ ! ਬਹੁਤਿਆਂ ਦੀ ਹੱਡ ਬੀਤੀ ਹੈ ਤੇ ਕਈਆਂ ਦੇ ਵਾਸਤੇ ਜੱਗ ਬੀਤੀ ! ਪਰ ਵਾਤਾਵਰਨ ਦੀ ਸਮੱਸਿਆ ਦੇ ਸਮਾਧਾਨ (ਹੱਲ) 'ਚ ਇਕ ਆਮ ਨਾਗਰਿਕ ਦੀ ਕੀ

ਭੂਮਿਕਾ ਹੋ ਸਕਦੀ ਹੈ ਇਹ ਵੀ ਤਾਂ ਦੱਸੋ।

**ਹਰਬੰਸ**: ਵੈਸੇ ਅਸੀਂ ਕਰ ਤਾਂ ਬਥੇਰਾ ਕੁਝ ਸਕਦੇ ਹਾਂ ! ਸਹੀ ਕਦਮ ਅਤੇ ਇੱਛਾ ਸ਼ਕਤੀ ਦੀ ਲੋੜ ਹੈ ! ਸਰਕਾਰ ਅਤੇ ਪ੍ਰਸ਼ਾਸ਼ਨ ਨੂੰ ਅਸੀਂ ਇਸ ਦਿਸ਼ਾ 'ਚ ਕਦਮ ਚੁੱਕਣ ਦੇ ਲਈ ਮੰਗਾਂ ਧਰਨਿਆਂ, ਰੈਲੀਆਂ ਅਤੇ ਸਹਿਯੋਗ ਦੇ ਸੁਝਾਵਾਂ ਦੇ ਮਾਧਿਅਮ ਨਾਲ ਦਬਾਅ ਪਾ ਕੇ ਮਜਬੂਰ ਕਰ ਸਕਦੇ ਹਾਂ। ਕਮਲਾ! ਠੀਕ ਕਿਹਾ ਨਾ!

**ਕਮਲਾ**: ਬਿਲਕੁਲ ਸਹੀ ਕਿਹਾ। ਅਮਰੀਕਾ- ਵਿਸ਼ਵ ਦਾ ਸਭ ਤੋਂ ਵੱਡਾ ਪ੍ਰਦੂਸ਼ਣ ਕਰਨ ਵਾਲਾ ਦੇਸ਼ ਹੈ ਅਤੇ ਉਹ ਕਿਓਟੋ-ਪ੍ਰੋਟੋਕਾਲ 'ਤੇ ਅਮਲ ਕਰਨ ਤੋਂ ਆਨਾਕਾਨੀ ਕਰ ਰਿਹਾ ਹੈ ! ਉੱਥੋਂ ਦੇ ਨਾਗਰਿਕ, ਇਸ ਪ੍ਰੋਟੋਕਾਲ ਦੇ ਪਾਲਣ ਵਾਸਤੇ ਪਾਬੰਦ ਹੋਣ ਲਈ ਆਪਣੀ ਸਰਕਾਰ 'ਤੇ ਦਬਾਅ ਪਾ ਸਕਦੇ ਹਨ। ਇਸੇ ਪ੍ਰਕਾਰ ਕੈਨੇਡਾ ਅਤੇ ਦੂਜੇ ਦੇਸ਼ਾਂ ਦੇ ਲੋਕ ਵੀ ਅੱਗੇ ਆ ਸਕਦੇ ਹਨ ਅਤੇ ਆਪਣਾ ਯੋਗਦਾਨ ਪਾ ਸਕਦੇ ਹਨ !

**ਹਰਿੰਦਰ**: ਕਮਲਾ ! ਸਰਕਾਰ ਦੇ ਕੰਮਾਂ 'ਤੇ ਪ੍ਰਤੀਕਿਰਿਆਂ ਦੇਣਾ ਸਰਲ ਹੈ। ਪਰ ਇਹ ਠੀਕ ਹੈ ਕਿ ਉਨ੍ਹਾਂ 'ਤੇ ਜਨਤਕ ਦਬਾਅ ਬਣਾਉਣਾ ਜਰੂਰੀ ਹੁੰਦਾ ਹੈ ਜਿਸਨੂੰ ਉਹ ਨਕਾਰ ਨਹੀਂ ਸਕਦੇ।

**ਕਮਲਾ**: ਵੇਖੋ ਇਸ ਚਿੱਤਰ ਨੂੰ ! ਕਿਵੇਂ ਲਹਿਰਾਂ ਉੱਠ ਰਹੀਆਂ ਹਨ। ਇਸ ਤੋਂ ਪਹਿਲਾਂ ਕਿ ਸਭ ਕੁਝ ਹੱਥੋਂ ਨਿਕਲ ਜਾਵੇ, ਸਾਨੂੰ ਕਦਮ ਤਾਂ ਚੁੱਕਣੇ ਹੀ ਪੈਣਗੇ !

**ਹਰਬੰਸ**: ਕਿਓਟੋ ਸੰਮੇਲਣ ਦਾ ਆਯੋਜਨ 1997 ਵਿਚ ਹੋਇਆ ਸੀ। ਉਸ ਸਮੇਂ ਇਸ 'ਚ ਲਏ ਗਏ ਫੈਸਲਿਆਂ 'ਤੇ ਕੁਝ ਸਮਾਂ ਸੀਮਾ ਵੀ ਲਗਾਈ ਗਈ ਸੀ, ਉਸ ਬਾਬਤ ਵੀ ਚਾਨਣਾ ਪਾਓ ਨਾ !

**ਕਮਲਾ**: ਠੀਕ ! ਲਓ ਸੁਣੋ ! ਕਿਓਟੋ ਕਾਨਫ਼ਰੰਸ 'ਚ ਦੋ ਤਰ੍ਹਾਂ ਦੀਆਂ ਸਮਾਂ ਸੀਮਾਵਾਂ ਨਿਰਧਾਰਿਤ ਕੀਤੀਆਂ ਗਈਆਂ ਸਨ। ਪਹਿਲੀ ਸੀ 2008 ਤੋਂ 2012 ਤੱਕ ਦੀ ਅਤੇ ਦੂਜੀ ਸੀ 2012 ਤੋਂ 2020 ਤੱਕ ਦੀ। ਸ਼੍ਰੇਣੀ ਇਕ ਦੇ ਸਾਰੇ ਦੇਸ਼ਾਂ ਨੇ, ਸਿਵਾਏ ਇਕੱਲੇ ਅਮਰੀਕਾ ਦੇ, ਇਸ ਨੂੰ ਮੰਨਿਆ ਅਤੇ ਨਿਰਧਾਰਿਤ ਮਾਪਦੰਡਾਂ ਨੂੰ ਪੂਰਾ ਕੀਤਾ।

**ਹਰਬੰਸ**: ਅਤੇ ਦੂਜੀ ਸਮੇਂ ਸੀਮਾ ਦਾ ਕੀ ਹੋਇਆ?

**ਕਮਲਾ**: ਸ਼੍ਰੇਣੀ ਇਕ 'ਚ ਰੱਖੇ 37 ਦੇਸ਼ਾਂ ਅਤੇ ਯੂਰਪੀ ਸੰਘ ਦੇ ਦੇਸ਼ਾਂ ਨੇ ਵੀ ਇਸ ਨੂੰ ਪੂਰਾ ਕਰਨ ਦਾ ਫ਼ੈਸਲਾ ਲਿਆ ਹੈ !

**ਹਰਿੰਦਰ**: ਆਖਿਰ ਉਹ ਟੀਚੇ ਕੀ ਸਨ? ਜਦੋਂ ਸਾਰੇ ਦੇਸ਼ ਸਮਝੌਤੇ ਨੂੰ ਮੰਨ ਸਕਦੇ ਹਨ ਤਾਂ ਅਮਰੀਕਾ ਆਪਣੇ ਪੈਰ ਕਿਉਂ ਪਿੱਛੇ ਖਿੱਚ ਰਿਹਾ ਹੈ।

**ਕਮਲਾ**: ਟੀਚੇ ਸਨ ਕਿ ਪਹਿਲੀ ਸਮਾਂ ਸੀਮਾ ਦੌਰਾਨ ਯਤਨ 'ਚ ਸਾਰੇ ਦੇਸ਼ਾਂ ਨੇ 1990 ਦੇ ਮੁਕਾਬਲੇ ਆਪਣੇ ਦੇਸ ਵਿੱਚ ਹੋ ਰਹੇ ਗ੍ਰੀਨ-ਹਾਊਸ ਗੈਸਾਂ ਦੇ ਉਤਸਰਜਨ ਨੂੰ 5% ਘੱਟ ਕਰਨਾ ਸੀ।

**ਹਰਿੰਦਰ**: ਕੇਵਲ 5%! ਇਹ ਤਾਂ ਬਹੁਤ ਥੋੜ੍ਹੀ ਮਾਤਰਾ ਹੈ। ਫਿਰ ਅਮਰੀਕਾ ਕਿਉਂ ਨਹੀਂ ਮੰਨ ਰਿਹਾ?

**ਅਜੈ**: (ਹੱਸਦੇ ਹਏ) 5% ਅਸਲ ਵਿਚ ਇਕ ਬਹੁਤ ਵੱਡੀ ਸੰਖਿਆ ਹੋ ਜਾਂਦੀ ਹੈ। ਇਸ ਦੇ ਲਈ ਤੁਹਾਨੂੰ ਵੱਡੀ ਮਾਤਰਾ 'ਚ ਕੋਲਾ, ਪੈਟਰੋਲ ਅਤੇ ਗੈਸਾਂ ਦੀ ਖਪਤ ਨੂੰ ਘੱਟ ਕਰਨਾ ਹੋਵੇਗਾ। ਇਸ ਨਾਲ ਉੱਥੋਂ ਦੀ ਖਪਤ ਵਿੱਚ ਗਿਰਾਵਟ ਆਉਣ ਦਾ ਡਰ ਹੈ ! ਉੱਥੋਂ ਦੀਆਂ ਸਰਕਾਰਾਂ ਮੌਜੂਦਾ ਮੁਨਾਫਾ ਆਧਾਰਤ ਵਿਕਾਸ ਮਾਡਲ ਰਾਹੀਂ ਸਿਰਜੀ ਜੀਵਣ ਸ਼ੈਲੀ ਅਤੇ ਅਰਥ ਵਿਵਸਥਾ ਦੇ ਬਾਬਤ ਐਨਾ ਵੱਡਾ ਫ਼ੈਸਲਾ ਲੈਣਾ ਨਹੀਂ ਚਾਹੁੰਦੀਆਂ ! ਇਹੀ ਕਾਰਨ ਹੈ ਕਿ ਅਮਰੀਕਾ ਨੇ ਸਾਰੇ ਪੱਧਰਾਂ 'ਤੇ ਇਸ ਦਾ ਵਿਰੋਧ ਕੀਤਾ।

**ਹਰਿੰਦਰ**: ਇਸ ਸੰਮੇਲਣ ਦੌਰਾਨ ਕਿਨ੍ਹਾਂ ਹਰਿਤ ਘਰ ਪ੍ਰਭਾਵ ਗੈਸਾਂ ਦੀ ਗੱਲ ਹੋਈ ਸੀ ਜਿਨ੍ਹਾਂ ਦੇ ਉਤਸਰਜਨ ਨੂੰ ਘਟਾਉਣ 'ਤੇ ਜੋਰ ਲਗਾਉਣਾ ਸੀ ?

**ਕਮਲਾ**: ਇਸ ਸੰਮੇਲਣ ਦੌਰਾਨ ਜਿਨ੍ਹਾਂ ਹਰਿਤ ਘਰ ਪ੍ਰਭਾਵ ਗੈਸਾਂ ਨੂੰ ਘਟਾਉਣ ਦੀ ਗੱਲ ਹੋਈ ਸੀ ਉਨ੍ਹਾਂ ਵਿੱਚ ਕਾਰਬਨਡਾਈਅਕਸਾਈਡ ਦੇ ਇਲਾਵਾ ਮੀਥੇਨ, ਨਾਈਟਰਸ ਅਕਸਾਈਡ, ਹਾਈਡਰੋਫਲੋਰੋਕਾਰਬਨਜ਼, ਪਰਫਲੋਰੋਕਾਰਬਨਜ਼, ਸਲਫਰ ਹੈਕਸਾ ਫਲੋਰਾਈਡ ਸ਼ਾਮਲ ਸਨ !

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਤੀਜਾ......**

**(ਦ੍ਰਿਸ਼ ਬਦਲਾਅ ਸੰਗੀਤ ...........................ਮੱਧਮ ਪੈਂਦਾ ਹੈ)**

(ਹਰਬੰਸ ਆਪਣਾ ਫੋਨ ਵੇਖ ਰਿਹਾ ਹੈ , ਲੱਗਦਾ ਹੈ ਕਿਸੇ ਸੰਪਰਕ ਦੀ ਖੋਜ ਵਿੱਚ ਲੱਗਿਆ ਹੈ ! )

**ਕਮਲਾ**: ਹਰਬੰਸ, ਤੁਸੀਂ ਆਪਣੇ ਫੋਨ ‘ਚ ਕੀ ਵੇਖ ਰਹੇ ਹੋ?

**ਹਰਬੰਸ**: ਮੈਂ ਆਪਣੇ ਇਕ ਦੋਸਤ ਨੂੰ ਫੋਨ ਕਰ ਰਿਹਾ ਹਾਂ। ਕਿਓਟੋ ਪ੍ਰੋਟੋਕਾਲ ‘ਚ ਸਾਫ਼ ਊਰਜਾ ਦੀ ਜਿਹੜੀ ਗੱਲ ਆਖੀ ਗਈ ਹੈ, ਉਸ ਦੀ ਉਹ ਚੰਗੀ ਤਰ੍ਹਾਂ ਵਿਆਖਿਆ ਕਰ ਸਕਦੇ ਹਨ। ਉਹ ਇਸੇ ਖੇਤਰ ‘ਚ ਕੰਮ ਕਰ ਰਹੇ ਹਨ।

**ਅਜੈ**: ਕੀ ਨਾਂ ਹੈ? ਕੀ ਅਸੀਂ ਜਾਣਦੇ ਹਾਂ ਉਨ੍ਹਾਂ ਨੂੰ?

**ਹਰਬੰਸ**: ਤੁਸੀਂ ਉਨ੍ਹਾਂ ਨੂੰ ਨਹੀਂ ਜਾਣਦੇ। ਉਨ੍ਹਾਂ ਦਾ ਨਾਂ ਸ਼ਮੀਮਾ ਹੈ। ਅਜੇ ਉਨ੍ਹਾਂ ਦਾ ਕੰਮ ਕਰਨਾਟਕ ‘ਚ ਹੈ ਪਰ ਆਪਣੇ ਕੰਮ ਲਈ ਉਹ ਵਿਸ਼ਵ ਦੇ ਹੋਰ ਦੇਸ਼ਾਂ ਵਿਚ ਜਾਂਦੀ ਰਹਿੰਦੀ ਹੈ। ਪਤਾ ਕਰਦਾ ਹਾਂ ਕਿ ਕਿੱਥੇ ਹੈ !

**#(ਹਰਬੰਸ ਆਪਣੇ ਮੋਬਾਇਲ ਤੋਂ ਫ਼ੋਨ ਕਰਦਾ ਹੈ)#**

**ਹਰਬੰਸ:** ਹਾਏ ਸ਼ਮੀਮਾ! ਮੈਂ ਹਰਬੰਸ....। ਕਿਵੇਂ ਹੋ ਅਤੇ ਕਿੱਥੇ ਹੋ? ਆਵਾਜ਼ ਸਾਫ਼ ਨਹੀਂ ਆ ਰਹੀ.. ਜ਼ਰਾ ਰੁਕੋ.. ਹਾਂ ਹੁਣ ਸਮੱਸ਼ਟ ਹੈ। ਚੰਗਾ ਡੇਨਮਾਰਕ ‘ਚ.. ਬਹੁਤ ਸੁੰਦਰ ਦੇਸ਼ ਹੈ। ਕੀ ਥੋੜ੍ਹਾ ਸਮਾਂ ਕੱਢੋਗੇ। ਮੇਰੇ ਦੋਸਤ ਮੇਰੇ ਨਾਲ ਹਨ। ਅਸੀਂ ਇੱਥੇ ਕੌਫ਼ੀ ਹਾਊਸ ‘ਚ ਕਿਓਟੋ ਪ੍ਰਟੋਕਾਲ ‘ਤੇ ਚਰਚਾ ਕਰ ਰਹੇ ਹਾਂ। ਉਹ ਸਾਰੇ ਕਾਰਬਨ ਕ੍ਰੈਡਿਟ ਦੇ ਬਾਰੇ ਜਾਣਨਾ ਚਾਹੁੰਦੇ ਹਾਂ। ਚੰਗਾ ਮੈਂ ਫ਼ੋਨ ਸਪੀਕਰ ‘ਤੇ ਰੱਖ ਰਿਹਾ ਹਾਂ।

**##(ਸ਼ਮੀਮਾ ਦੀ ਆਵਾਜ਼ ਸੁਣਾਈ ਦੇ ਰਹੀ ਹੈ)##**

**ਸ਼ਮੀਮਾ:** ਹੈਲੋ! ਮੈਂ ਸ਼ਮੀਮਾ ਬੋਲ ਰਹੀ ਹਾਂ।ਤੁਸੀਂ ਸਾਰੇ ਕਿਵੇਂ ਹੋ? ਤੁਹਾਡੇ ਕੀ ਸਵਾਲ ਹਨ?

**ਅਜੈ:** ਹੈਲੋ ਸ਼ਮੀਮਾ! ਮੈਂ ਅਜੈ, ਇਕ MNC ‘ਚ ਵਿੱਤ ਮਾਹਿਰ ਹਾਂ। ਮੈਂ ਕਾਰਬਨ ਕ੍ਰੈਡਿਟ ਦੇ ਬਾਰੇ ਜਾਣਨਾ ਚਾਹੁੰਦੇ ਹਾਂ ਕਿ ਇਹ ਕਿਵੇਂ ਕੰਮ ਕਰਦਾ ਹੈ?

**ਸ਼ਮੀਮਾ:** ਹਾਂ ! ਇਹ ਇੱਕ ਮੂਲ ਮਸਲਾ ਹੈ ! ਇਸ ਬਾਬਤ ਪਤਾ ਹੋਣਾ ਬਹੁਤ ਜ਼ਰੂਰੀ ਹੈ ਕਿ ਇਹ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ?

**ਹਰਬੰਸ:** ਸ਼ਮੀਮਾ.. ਇਹ ਚੰਗਾ ਹੋਵੇਗਾ ਜੇਕਰ ਤੁਸੀਂ ਕਾਰਬਨ ਫੁਟਪ੍ਰਿੰਟ ਨਾਲ ਆਪਣਾ ਉੱਤਰ ਸ਼ੁਰੂ ਕਰੋ।

**ਸ਼ਮੀਮਾ:** ਠੀਕ ਹੈ ! ਕਾਰਬਨ ਫੁਟਪ੍ਰਿੰਟ ਇਕ ਪ੍ਰਕਾਰ ਦਾ ਮਾਪਦੰਡ ਅਤੇ ਪੈਮਾਨਾ ਹੈ, ਜਿਸ ਨਾਲ ਇਹ ਪਤਾ ਲਗਾਇਆ ਜਾਂਦਾ ਹੈ ਕਿ ਕਿਸੇ ਉਤਪਾਦਨ ਕੰਮ ‘ਚ ਕਿੰਨੀ ਮਾਤਰਾ ‘ਚ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਹੁੰਦਾ ਹੈ।

**ਅਜੈ:** ਇਸ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ ?

**ਸ਼ਮੀਮਾ**: ਇਹ ਗਣਨਾ ਟਨਾਂ ਵਿਚ ਕੀਤੀ ਜਾਂਦੀ ਹੈ। ਕੇਂਦਰ ਸਰਕਾਰ ਇਸ ਦੀ ਗਣਨਾ ਦੇ ਪਰਮਿਟ ਜਾਰੀ ਕਰਦੀ ਹੈ। ਗਣਨਾ ਕਰਨ ਵਾਲੀ ਇਹ ਰਾਸ਼ਟਰੀ ਜਾਂ ਫਿਰ ਅੰਤਰਰਾਸ਼ਟਰੀ ਸੰਸਥਾ ਵੀ ਹੋ ਸਕਦੀ ਹੈ। ਇਸ ਪਰਮਿਟ ਦਾ ਆਂਕੜਾ ਗ੍ਰੀਨ-ਹਾਊਸ ਗੈਸਾਂ ਦੇ ਉਤਸਰਜਨ ਦਾ ਟਨਾਂ ਵਿਚ ਮਾਪ ਕਰਕੇ ਨਿਰਧਾਰਿਤ ਹੁੰਦਾ ਹੈ।

**ਹਰਬੰਸ**: ਇਸ ਦਾ ਮਤਲਬ ਹੋਇਆ ਕਿ ਇਹ ਪਰਮਿਟ ਇਨ੍ਹਾਂ ਗੈਸਾਂ ਦੇ ਉਤਸਰਜਨ ਦੀ ਮਾਤਰਾ ਦੀ ਘਟਾਈ ਦੀ ਹੱਦ ਦਸਦਾ ਹੈ !

**ਸ਼ਮੀਮਾ**: ਹਾਂ, ਅਜਿਹਾ ਹੀ ਹੈ। ਇਸ ਨਾਲ ਹਵਾ ਪ੍ਰਦੂਸ਼ਣ 'ਤੇ ਰੋਕ ਲੱਗਦੀ ਹੈ, ਉਤਪਾਦਨ ਗਤੀਵਿਧੀਆਂ 'ਤੇ ਨਿਯੰਤਰਣ ਵੀ ਸੰਭਵ ਹੈ। ਜੇਕਰ ਉਦਯੋਗਾਂ ਨੇ ਆਪਣੀ ਵਿਕਾਸ ਗਤੀ ਬਣਾਈ ਰੱਖਣੀ ਹੈ ਤਾਂ ਉਨ੍ਹਾਂ ਨੂੰ ਕਾਰਬਨ ਕ੍ਰੈਡਿਟ ਦੀ

ਜ਼ਰੂਰਤ ਹੋਵੇਗੀ।

**ਅਜੈ**: ਪਰ ਕਾਰਬਨ ਕ੍ਰੈਡਿਟ ਆਏਗੀ ਕਿੱਥੋਂ?

**ਸ਼ਮੀਮਾ**: ਜੇਕਰ ਕਿਸੇ ਕੰਪਨੀ ਦੇ ਕੋਲ ਉਸਦੀ ਜ਼ਰੂਰਤ ਤੋਂ ਜ਼ਿਆਦਾ ਕਾਰਬਨ ਕ੍ਰੈਡਿਟ ਉਪਲੱਬਧ ਹੈ ਤਾਂ ਉਹ ਦੂਸਰੀਆਂ ਇਕਾਈਆਂ ਨੂੰ ਇਸਨੂੰ ਵੇਚ ਸਕਦੀ ਹੈ। ਇਸ ਦੇ ਲਈ ਯੂਰਪੀਅਨ ਕਲਾਈਮੇਂਟ ਐਕਸਚੇਂਜ, ਸ਼ਿਕਾਗੋ ਕਲਾਈਮੇਂਟ ਐਕਸਚੇਂਜ, ਨਾਸਡਾਕ, ਓ ਐਮ ਐਕਸ ਕੰਮ ਕਰਦੇ ਹਨ।

**ਕਮਲਾ**: ਸ਼ਮੀਮਾ! ਸਾਡੇ ਦੇਸ਼ ਦੀ ਕੀ ਸਥਿਤੀ ਹੈ ਅਤੇ ਸਾਡਾ ਕੀ ਸਥਾਨ ਹੈ?

**ਸ਼ਮੀਮਾ**: ਵੇਖੋ, ਇਸ ਦੇ ਅਨੇਕਾਂ ਮਾਪਦੰਡ ਹਨ।ਸਾਡੇ ਲਈ ਆਰਥਿਕ ਦ੍ਰਿਸ਼ਟੀ ਤੋਂ ਕਾਰਬਨ ਕ੍ਰੈਡਿਟ ਦਾ ਬਹੁਤ ਵੱਡਾ ਮਹੱਤਵ ਹੈ। ਸਾਡਾ ਵਿਕਾਸ ਅਜੇ ਸ਼ੁਰੂ ਹੋਇਆ ਹੈ। ਅਸੀਂ ਵਿਕਾਸ ਦਾ ਨਵਾਂ ਅਤੇ ਟਿਕਾਊ ਮਾਡਲ ਚੁਣ ਸਕਦੇ ਹਾਂ। ਊਰਜਾ ਸੁਰੱਖਿਅਣ ਅਤੇ ਊਰਜਾ ਉਤਪਾਦਨ ਦੀਆਂ ਨਵੀਆਂ ਵਿਧੀਆਂ ਅਪਣਾ ਕੇ ਬਹੁਤ ਅੱਗੇ ਜਾ ਸਕਦੇ ਹਾਂ।

**ਹਰਿੰਦਰ**: ਕੀ ਸਾਡੇ ਕੋਲ ਇਸ ਦੇ ਲਈ ਜ਼ਰੂਰੀ ਤਕਨੀਕ ਉਪਲਬਧ ਹੈ ?

**ਸ਼ਮੀਮਾ**: ਨਹੀਂ , ਪਰ ਇਸ ਦੇ ਲਈ ਕਈ ਹੋਰ ਰਾਸਤੇ ਹੋ ਸਕਦੇ ਹਨ। ਸ਼ੁਰੂ ਵਿਚ ਕੁਝ ਸਮੱਸਿਆਵਾਂ ਆ ਸਕਦੀਆਂ ਹਨ, ਅਸੀਂ ਆਪਣੀ ਯੁਵਕ ਸ਼ਕਤੀ ਦੀ ਵਰਤੋਂ ਕਰਕੇ, ਇਸ ਤੋਂ ਭਰਪੂਰ ਲਾਭ ਉਠਾ ਸਕਦੇ ਹਾਂ।

**ਹਰਬੰਸ**: ਤੁਹਾਡਾ ਮਤਲਬ ਹੈ ਘੱਟ ਤੋਂ ਘੱਟ ਮਸ਼ੀਨਾਂ ਅਤੇ ਘੱਟ ਤੋਂ ਘੱਟ ਪਥਰਾਟੀ ਬਾਲਣ ਦੀ ਵਰਤੋਂ !

**ਸ਼ਮੀਮਾ**: ਬਿਲਕੁਲ ਠੀਕ ਕਿਹਾ। ਇਸ ਨੂੰ ਤੁਸੀਂ ਲੋਕ ਪਸੰਦ ਨਹੀਂ ਕਰੋਗੇ ਪਰ ਇਹ ਸਭ ਦੇ ਲਈ ਫਾਇਦੇਮੰਦ ਹੋਵੇਗਾ। ਇਸ ਵਿਚ, ਉਦਯੋਗਿਕ ਇਕਾਈਆਂ ਕਾਰਬਨ ਕ੍ਰੈਡਿਟ ਵਿਕਰੀ ਕਰਕੇ ਲਾਭ ਲੈ ਸਕਦੀਆਂ ਹਨ !

**ਅਜੈ**: ਮੇਰਾ ਮੰਨਣਾ ਹੈ ਕਿ ਛੋਟੀਆਂ ਇਕਾਈਆਂ ਇਸ ਵਿਚ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ।

**ਸ਼ਮੀਮਾ**: ਤੁਹਾਡਾ ਅਨੁਮਾਨ ਸਹੀ ਹੈ। ਭਾਰਤ ਦੀਆਂ ਲਘੂ ਉਦਯੋਗਿਕ ਇਕਾਈਆਂ ਬਹੁਤ ਕੰਮ ਕਰ ਸਕਦੀਆਂ ਹਨ। ਇਨ੍ਹਾਂ ਇਕਾਈਆਂ 'ਚ ਸਸਤੀ ਊਰਜਾ, ਕੁਸ਼ਲਤਾ ਪੂਰਨ ਤਕਨੀਕ ਵਰਤੋਂ ਵਿੱਚ ਲਿਆਂਦੀ ਜਾ ਸਕਦੀ ਹੈ।

**ਕਮਲਾ**: ਕੀ ਸਾਡੇ ਲਈ ਕਾਰਬਨ ਕ੍ਰੈਡਿਟ ਦਾ ਇਹੀ ਇਕ ਤਰੀਕਾ ਹੈ?

**ਸ਼ਮੀਮਾ**: ਨਹੀਂ ! ਤੁਸੀਂ ਚੰਗੀ ਕੁਸ਼ਲਤਾ ਵਾਲੀ ਪਲਾਸਟਿਕ ਦੇ ਪੁਨਰ-ਚੱਕਰੀਕਰਨ ਵਾਸਤੇ ਇਕਾਈਆਂ ਲਗਾ ਸਕਦੇ ਹੋ। ਤੁਸੀਂ ਖਾਲੀ ਧਾਤੂ ਦੇ ਡੱਬਿਆਂ ਦੇ ਪੁਨਰ-ਚੱਕਰੀਕਰਨ ਨਾਲ ਇਨ੍ਹਾਂ ਨੂੰ ਵਾਹਨਾਂ ਦੇ ਬਣਾਉਨ ਵਿਚ ਵਰਤ ਸਕਦੇ ਹੋ। ਸਾਡੇ ਲਈ ਅਨੇਕਾਂ ਰਸਤੇ ਖੁੱਲ੍ਹੇ ਹਨ।

**ਹਰਬੰਸ**: ਮੇਰਾ ਮੰਨਣਾ ਹੈ- ਤੁਹਾਡਾ ਕੰਮ ਬਹੁਤ ਚੱਲ ਨਿਕਲਿਆ ਹੈ (ਹੱਸਦੇ ਹੋਏ)

**ਸ਼ਮੀਮਾ:** ਮੇਰਾ ਇਕ ਬ੍ਰੋਕਰੇਜ ਫਾਰਮ ਹੈ। ਸਾਡੇ ਦੇਸ਼ ਵਿਚ ਸੈਕੜੇ ਕੰਪਨਿਆਂ ਹਨ, ਜਿਹੜੀਆਂ ਇਸ ਖੇਤਰ 'ਚ ਕੰਮ ਕਰ ਰਹੀਆਂ ਹਨ। ਭਾਰਤ ਅਤੇ ਚੀਨ ਸਭ ਤੋਂ ਵੱਡੇ ਕਾਰਬਨ ਕ੍ਰੈਡਿਟ ਦੇ ਵਿਕ੍ਰੇਤਾ ਹਨ ਅਤੇ ਯੂਰਪ ਇਸਦਾ ਸਭ ਤੋਂ ਵੱਡਾ ਗਾਹਕ ਹੈ। ਜੰਗਲਾਤ ਤੇ ਸੀਵੇਜ ਉਪਚਾਰ ਦੇ ਖੇਤਰ ਵਿਚ ਕੰਮ ਕਰਨ ਵਾਲੀਆਂ ਕੰਪਨੀਆਂ ਅਤੇ ਨਗਰ ਪਾਲਿਕਾਵਾਂ ਕਾਰਬਨ ਕ੍ਰੈਡਿਟ ਨਾਲ ਲੱਖਾਂ ਕਮਾ ਸਕਦੇ ਹਨ ।

**ਕਮਲਾ:** ਕੀ, ਕੋਈ ਅਜਿਹਾ ਉਦਾਹਰਣ ਯਾਦ ਆ ਰਿਹਾ ਹੈ?

**ਸ਼ਮੀਮਾ:** ਹਾਂ.. ਵੱਡੀਆਂ ਇਕਾਈਆਂ ਵਿਚ ਵਿਜੈਨਗਰ ਸਟੀਲ ਪਲਾਂਟ, ਚੰਗਾ ਕੰਮ ਕਰ ਰਿਹਾ ਹੈ। ਨਵੀਂ ਊਰਜਾ ਕੁਸ਼ਲਤਾ ਵਾਲੀ ਤਕਨੀਕ ਨਾਲ ਅਗਲੇ 10 ਸਾਲਾਂ ਵਿਚ ਇਹਨਾਂ ਨੇ 225 ਮਿਲੀਅਮ ਡਾਲਰ ਕਮਾਉਣ ਦਾ ਟੀਚਾ ਰੱਖਿਆ

ਹੈ। ਦੂਜਾ ਉਦਾਹਰਨ ਹੈ- ਮੱਧ ਪ੍ਰਦੇਸ਼ ਦਾ ਹਾਂਡਿਆ ਜੰਗਲਾਤ ਪ੍ਰੋਗਰਾਮ।

**ਕਮਲਾ:** ਅੱਛਾ!

**ਸ਼ਮੀਮਾ:** ਉੱਥੇ 95 ਪਿੰਡਾਂ ਵਿਚ ਰੁੱਖ ਲਗਾਉਣ ਦੇ ਦੁਆਰਾ 30 ਲੱਖ ਡਾਲਰ ਪ੍ਰਤੀ ਸਾਲ ਆਮਦਨ ਹੋਣ ਦਾ ਅਨੁਮਾਨ ਹੈ ਮਤਲਬ ਕਰੋੜਾਂ ਦਾ ਲਾਭ......

**ਹਰਬੰਸ:** ਵਾਹ ! ਵਧਾਈ ਦੇ ਪਾਤਰ ਹਨ ਇਹ ਸਾਡੇ ਪਿੰਡ ਵਾਲੇ ਤਾਂ !

**ਸ਼ਮੀਮਾ:** ਹਾਂ ! ਹੁਣ ਮੈਂ ਜ਼ਰੂਰੀ ਕੰਮ ਦੇ ਲਈ ਜਾਣਾ ਹੈ, ਪਲੀਜ਼ ਮਾਫ਼ ਕਰਨਾ। ਅੱਗੇ ਫਿਰ ਕਦੇ ਮੈਂ ਤੁਹਾਡੇ ਸਾਰੇ

ਸਵਾਲਾਂ ਦੇ ਜਵਾਬ ਦੇਵਾਂਗੀ।O.K. Bye! See you all.

**ਹਰਬੰਸ:** ਬਹੁਤ-ਬਹੁਤ ਧੰਨਵਾਦ ਸ਼ਮੀਮਾ।Bye!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਚੌਥਾ**......

**(ਦ੍ਰਿਸ਼ ਬਦਲਾਅ ਸੰਗੀਤ ...........................ਮੱਧਮ ਪੈਂਦਾ ਹੈ)**

(ਹਰਬੰਸ ਆਪਣਾ ਫੋਨ ਕੱਟਦਾ ਹੈ , ਚਾਰਾਂ ਦੀ ਆਪਸੀ ਗੱਲ ਬਾਤ ਮੁੜ ਸੁਰੂ ਹੁੰਦੀ ਹੈ! )

**ਕਮਲਾ:** ਜਿਹੜੇ ਸਿੱਟੇ ਸਾਹਮਣੇ ਆਏ ਹਨ ਉਨ੍ਹਾਂ ਤੋਂ ਲੱਗਦਾ ਹੈ ਕਿ ਕਿਓਟੋ ਸੰਧੀ- ਗ੍ਰੀਨ ਹਾਊਸ ਗੈਸਾਂ ਨੂੰ ਘੱਟ ਕਰਨ 'ਚ ਸਿੱਧੇ ਤੌਰ 'ਤੇ ਕਾਰਗਰ ਨਹੀਂ ਹੈ।

**ਹਰਬੰਸ:** ਹੈਂ ! ਕੀ ਇਹ ਸੱਚ ਹੈ?

**ਕਮਲਾ:** ਹਾਂ। ਜਦੋਂ ਤੱਕ ਕੋਈ ਅੰਤਰਰਾਸ਼ਟਰੀ ਕਾਨੂੰਨ ਬਣੇਗਾ, ਉਦੋਂ ਤੱਕ ਇਨ੍ਹਾਂ ਗੈਸਾਂ ਦੀ ਮਾਤਰਾ ਬਹੁਤ ਵਧ ਚੁੱਕੀ ਹੋਵੇਗੀ। ਹਾਲਾਂਕਿ ਯੂਰਪੀਅਨ ਸੰਘ ਦੇ ਦੇਸ਼ ਆਪਣਾ ਟੀਚਾ ਪ੍ਰਾਪਤ ਕਰਨ ਦੇ ਲਈ ਯਤਨ ਕਰ ਰਹੇ ਹਨ ਪਰ ਬਹੁਤ ਸਾਰੇ ਦੇਸ਼ ਅਜੇ ਪਿੱਛੇ ਹਨ।

**ਅਜੈ:** ਕਿਹੜੇ ਦੇਸ਼ ਹਨ ਜਿਹੜੇ ਅਜੇ ਵੀ ਪਿੱਛੇ ਹਨ ?

**ਕਮਲਾ:** ਬਹੁਤ ਸਾਰੇ ਹਨ। ਅਮਰੀਕਾ ਵੱਡੀ ਮਾਤਰਾ ਵਿਚ ਇਨ੍ਹਾਂ ਗੈਸਾਂ ਦਾ ਉਤਸਰਜਨ ਕਰ ਰਿਹਾ ਹੈ ! ਚੀਨ ਸੱਭ ਤੋਂ ਵੱਧ ਕਾਰਬਨ ਕ੍ਰੈਡਿਟ ਕਮਾਉਣ ਵਾਲਾ ਦੇਸ ਅਜੇ ਵੀ ਬਹੁਤ ਜਿਆਦਾ ਉਤਸਰਜਨ ਕਰ ਰਿਹਾ ਹੈ ਇਨ੍ਹਾਂ ਹਰਿਤ ਘਰ ਪ੍ਰਭਾਵ ਗੈਸਾਂ ਦਾ !

**ਅਜੈ:** ਤੁਹਾਡਾ ਮਤਲਬ- ਢਾਕ ਦੇ ਤਿੰਨ ਪਾਤ.....!

**ਕਮਲਾ:** 1990-2009 ਦੇ ਕਾਲ ਦੌਰਾਨ ਵਿਸ਼ਵ 'ਚ ਇਨ੍ਹਾਂ ਦਾ ਉਤਸਰਜਨ ਲਗਭਗ 40% ਵਧਿਆ ਹੈ। ਇਹ ਅੰਕੜੇ ਨੀਦਰਲੈਂਡ ਦੀ ਵਾਤਾਵਰਨ ਦਾ ਆਂਕਲਣ ਕਰਨ ਵਾਲੀ ਸੰਸਥਾ ਨੇ ਜਾਰੀ ਕੀਤੇ ਹਨ।

**ਹਰਬੰਸ:** ਕੀ ਕਹੀਏ ? ਐਨੇ ਜਿਆਦਾ ਲੋਕ ਵਾਤਾਵਰਨ ਦੇ ਪ੍ਰਤੀ ਪ੍ਰੇਸ਼ਾਨ ਹਨ ਪਰ ਹੱਲ ਅਜੇ ਵੀ ਨਹੀਂ ਨਿਕਲ ਰਿਹਾ।

**ਅਜੈ:** ਕੀ ਇਸ ਕਿਓਟੋ ਸਮਝੌਤੇ 'ਤੇ ਚਰਚਾ ਕਰਦੇ ਹੋਏ, ਕੌਫੀ ਦਾ ਤੀਜਾ ਰਾਉਂਡ ਹੋ ਜਾਏ ? (ਹੱਸਦੇ ਹੋਏ)

**ਹਰਿੰਦਰ:** ਹਾਂ, ਪਰ ਮੇਰੇ ਕੋਲ ਇਕ ਹੋਰ ਵਿਕਲਪ ਹੈ !

**ਹਰਬੰਸ:** ਕਿਹੜਾ ?

**ਹਰਿੰਦਰ:** ਮੇਰੇ ਬੱਚੇ ਅੱਜ ਘਰ ਨਹੀਂ, ਖਾਣਾ ਬਾਹਰ ਤੋਂ ਹੀ ਮੰਗਵਾਉਣਾ ਪਏਗਾ। ਕਿਉਂ ਨਾ ਅਸੀਂ ਇਕੱਠੇ ਬੈਠ ਕੇ ਖਾਣਾ ਖਾਈਏ।

**ਹਰਬੰਸ:** ਮੇਰੇ ਲਈ ਕੋਈ ਸਮੱਸਿਆ ਨਹੀਂ ਹੈ।

**ਹਰਿੰਦਰ:** ਮੈਨੂੰ ਨੇੜੇ ਹੀ ਇਕ ਰੈਸਟੋਰੇਂਟ ਦਾ ਪਤਾ ਹੈ। ਉੱਥੇ ਦਾ ਹਲਵਾਈ ਬਹੁਤ ਹੀ ਮਜ਼ੇਦਾਰ ਖਾਣਾ ਬਣਾਉਂਦਾ ਹੈ।

**ਕਮਲਾ:** ਹਾਂ, ਇਸ ਤੋਂ ਪਹਿਲਾਂ ਕਿ ਅਸੀਂ ਖਾਣੇ ਦੇ ਲਈ ਕਿਤੇ ਹੋਰ ਚੱਲੀਏ, ਮੈਂ ਬਾਲੀ ਕਾਨਫ਼ਰੰਸ ਦੇ ਬਾਰੇ ਕੁਝ ਦੱਸਣਾ ਚਾਹੁੰਦਾ ਹਾਂ।

**ਹਰਿੰਦਰ:** ਉਸਦਾ ਖਾਣੇ ਨਾਲ ਕੀ ਸਬੰਧ ਹੈ? ਮੈਂ ਸਮਝਿਆ ਨਹੀਂ !

**ਅਜੈ:** ਚਲ ਥੋੜ੍ਹਾ ਸਮਾਂ ਹੋਰ ਬੈਠ ਜਾਉ ! ਕਮਲਾ ਨੂੰ ਆਪਣੀ ਗੱਲ ਕਹਿ ਲੈਣ ਦਿਉ।

**ਕਮਲਾ:** ਇਹ ਸੰਮੇਲਣ- ਕਿਓਟੋ ਪ੍ਰੋਟੋਕਾਲ ਦੇ ਉਦੇਸ਼ਾਂ ਅਤੇ ਟੀਚਿਆਂ ਨੂੰ ਹਾਸਿਲ ਕਰਨ ਦੇ ਲਈ ਬੁਲਾਇਆ ਗਿਆ ਸੀ।

**ਹਰਬੰਸ:** ਅੱਛਾ !

**ਕਮਲਾ:** ਕਿਓਟੋ ਪ੍ਰੋਟੋਕਾਲ ਫਰਵਰੀ 2005 ਵਿਚ ਲਾਗੂ ਹੋਇਆ ਸੀ। ਇਸ ਦੀ ਸਮਾਂ ਅਵਧੀ 2012 ਤੱਕ ਸੀ। ਨਿਸ਼ਚਿਤ ਹੀ ਇਸ ਦੇ ਅੱਗੇ ਦੀ ਰੂਪਰੇਖਾ ਵੀ ਤਿਆਰ ਕਰਨੀ ਸੀ।

**ਅਜੈ:** ਹਾਂ ! ਇਹ ਜ਼ਰੂਰੀ ਵੀ ਸੀ।

**ਕਮਲਾ:** ਯੂਰਪ ਸੰਘ ਦੇ ਸਾਰੇ ਦੇਸ਼, ਇਕ ਅਜਿਹੀ ਸੰਧੀ ਚਾਹੁੰਦੇ ਸਨ ਜਿਹੜੀ ਸਾਰੇ ਦੇਸ਼ਾਂ 'ਤੇ ਲਾਗੂ ਹੋਵੇ, ਵਿਕਸਿਤ ਅਤੇ ਵਿਕਾਸਸ਼ੀਲ ! ਬਹੁਤ ਘੱਟ ਦੇਸ਼ਾਂ ਨੂੰ ਉਮੀਦ ਸੀ ਕਿ ਅਮਰੀਕਾ ਕਿਓਟੋ ਸੰਧੀ ਦੇ ਬਾਅਦ ਕਿਸੇ ਨਵੇਂ ਸਮਝੌਤੇ 'ਤੇ ਦਸਤਖ਼ਤ ਕਰੇਗਾ।

**ਹਰਿੰਦਰ:** ਇਸ ਦੇ ਲਈ ਇਕ ਨਵੀਂ ਸੰਧੀ ਦਾ ਮਸੌਦਾ ਤਿਆਰ ਕੀਤਾ ਗਿਆ ਹੈ।

**ਕਮਲਾ:** ਜਰਾ ਸੁਣ ਹਰਿੰਦਰ ! ਵਿਭਿੰਨ ਦੇਸ਼ਾਂ ਦੇ ਦਰਮਿਆਨ ਹੋਏ ਇਹ ਮਹੱਤਵਪੂਰਨ ਸਮਝੌਤੇ ਹਨ। ਪਾਰਟੀਆਂ ਦੀ ਕਾਨਫਰੰਸ ਦਾ 13ਵੀਂ ਬੈਠਕ 2007 ਵਿਚ ਇੰਡੋਨੇਸ਼ੀਆ ਦੇ ਬਾਲੀ ਪ੍ਰਾਈਦੀਪ ਵਿਚ ਆਯੋਜਿਤ ਕੀਤੀ ਗਈ ਸੀ।

**ਅਜੈ:** ਅੱਛਾ , ਅੱਗੇ ਕੀ ਹੋਇਆ ਉਸ 13ਵੀਂ ਬੈਠਕ ਵਿੱਚ ?

**ਕਮਲਾ:** ਉਸ ਬੈਠਕ ਵਿਚ ਨੋਬਲ ਸ਼ਾਂਤੀ ਪੁਰਸਕਾਰ ਨਾਲ ਨਵਾਜ਼ੇ ਗਏ, ਅਮਰੀਕਾ ਦੇ ਪੂਰਵ ਉਪ-ਰਾਸ਼ਟਰਪਤੀ ਅਲ-ਗੋਰ ਨੇ, ਗਲੋਬਲ ਵਾਰਮਿੰਗ 'ਤੇ ਆਪਣੀ ਫ਼ਿਲਮ ਪ੍ਰਦਰਸ਼ਿਤ ਕੀਤੀ ਸੀ।

**ਹਰਿੰਦਰ:** ਹਾਂ 'ਇਕ ਕੌੜਾ ਸੱਚ' ਨਾਮੀ ਇਹ ਫਿਲਮ ਤਾਂ ਇਕ ਬਹੁਤ ਹੀ ਡਰਾਉਣੀ ਫ਼ਿਲਮ ਹੈ। ਕੀ ਅਸੀਂ ਸਾਰੇ ਉਸੇ ਪ੍ਰਕਾਰ ਮਾਰੇ ਜਾਵਾਂਗੇ ?

**ਕਮਲਾ:** ਜੇਕਰ ਅਸੀਂ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਇਸੇ ਪ੍ਰਕਾਰ ਜ਼ਾਰੀ ਰੱਖਾਂਗੇ ਤਾਂ ਉਹੀ ਨਤੀਜੇ ਹੋਣਗੇ। ਜੂਨ 2007 ਤੋਂ IPCC ਦਲ ਨੇ ਆਪਣੀ ਚੌਥੀ ਰਿਪੋਰਟ ਵਿਚ ਦੱਸਿਆ ਸੀ ਕਿ ਮਨੁੱਖ ਹੀ ਇਸ ਦੇ ਲਈ ਜ਼ਿੰਮੇਵਾਰ ਹੈ।

**ਅਜੈ:** ਬਾਲੀ ਵਿਚ ਮਾਹੌਲ ਕਾਫ਼ੀ ਗਰਮ ਰਿਹਾ ਹੋਵੇਗਾ !

**ਕਮਲਾ:** ਹਾਂ ! ਸਰਕਾਰੀ ਪ੍ਰਤੀਨਿਧੀਆਂ ਦੇ ਇਲਾਵਾ ਵੱਡੀ ਸੰਖਿਆ ਵਿਚ ਗ਼ੈਰ-ਸਰਕਾਰੀ ਸੰਗਠਨਾਂ ਨੇ ਵੀ ਉਸ ਵਿਚ ਭਾਗ ਲਿਆ ਸੀ। ਸਾਰੇ ਜਾਣਨਾ ਚਾਹੁੰਦੇ ਸਨ ਕਿ ਊਠ ਕਿਸ ਪਾਸੇ ਕਰਵਟ ਲਏਗਾ ?

**ਹਰਬੰਸ:** ਪਰ ਮੈਨੂੰ ਨਹੀਂ ਲੱਗਦਾ, ਕਿਸੇ ਨਤੀਜੇ 'ਤੇ ਪਹੁੰਚਿਆ ਜਾ ਸਕਿਆ ਹੋਵੇਗਾ।

**ਕਮਲਾ:** ਬਿਲਕੁਲ ਸਹੀ ਥਾਂ 'ਤੇ ਰੱਖੀ ਹੈ ਉਂਗਲ ਤੁਸੀਂ ਤਾਂ ! (ਹੱਸਦੇ ਹੋਏ)। ਜਿਹੜਾ ਖਰੜਾ ਯੂਰਪ ਸੰਘ ਦੇ ਦੇਸ਼ਾਂ ਨੇ ਪੇਸ਼ ਕੀਤਾ ਸੀ, ਉਸ 'ਤੇ ਸਹਿਮਤੀ ਨਹੀਂ ਬਣ ਸਕੀ। ਅਮਰੀਕਾ ਆਪਣੀ ਪਹਿਲੀ ਸਥਿਤੀ ਤੋਂ ਟਸ ਤੋਂ ਮਸ ਨਹੀਂ ਹੋਇਆ। ਸਮੁੰਦਰੀ ਜਹਾਜ਼ਾਂ ਅਤੇ ਹਵਾਈ ਜਹਾਜ਼ਾਂ ਨਾਲ ਹੋਣ ਵਾਲੇ ਪ੍ਰਦੂਸ਼ਣ 'ਤੇ ਵੀ ਕੋਈ ਗੱਲ ਨਹੀਂ ਬਣ ਸਕੀ।

**ਹਰਬੰਸ:** ਮਤਲਬ ਕਿ ਇਸ ਕਾਰਜ ਵਾਸਤੇ ਕੀਤਾ ਹਰ ਯਤਨ ਹਵਾ ਵਿੱਚ ਉਡ ਗਿਆ !

**ਕਮਲਾ:** ਕੇਵਲ ਇਕ ਸਕਾਰਾਤਮਕ ਪੱਖ ! ਉਹ ਸੀ ਬਾਲੀ ਰੋਡ-ਮੈਪ। ਭਾਗ ਲੈਣ ਵਾਲੇ ਦੇਸ਼ਾਂ ਵਿਚ ਸਹਿਮਤੀ ਬਣੀ ਕਿ ਗਲੋਬਲ ਵਾਰਮਿੰਗ ਦੀ ਸਮੱਸਿਆ ਦੇ ਲਈ ਹੱਲ ਯਤਨ ਜਾਰੀ ਰੱਖਾਂਗੇ ਅਤੇ ਅਗਲੇ ਦੋ ਸਾਲਾਂ ਵਿਚ ਕਿਸੇ ਸੰਧੀ 'ਤੇ ਦਸਤਖ਼ਤ ਹੋ ਜਾਣਗੇ।

**ਹਰਿੰਦਰ:** ਠੀਕ! ਪਰ ਹੁਣ ਤਾਂ ਮੈਂ ਦੋ ਮਿੰਟ ਵੀ ਹੋਰ ਉਡੀਕ ਨਹੀਂ ਕਰ ਸਕਦਾ। ਭੁੱਖ ਕਾਰਨ ਪੇਟ ਵਿਚ ਚੂਹੇ ਦੌੜ ਰਹੇ ਹਨ।

**ਕਮਲਾ:** ਠੀਕ ! ਹੁਣ ਹੋਰ ਕੋਈ ਚਰਚਾ ਨਹੀਂ। ਅੱਜ ਸਾਡੀ ਹੁਣ ਦੀ ਸਭ ਤੋਂ ਵੱਡੀ ਲੋੜ ਹੈ- ਭੋਜਨ ! ਚੱਲੋ -ਚੱਲੀਏ !

**ਹਰਿੰਦਰ:** ਇਥੋਂ ਪੈਦਲ ਰਸਤਾ ਹੈ। ਰਸਤਾ ਸਾਫ਼ ਹੈ ਅਤੇ ਅੱਜ ਸੜਕ 'ਤੇ ਵਾਹਨ ਵੀ ਘੱਟ ਹਨ। ਆਉ ਪੈਂਦਲ ਚੱਲਦੇ ਹਾਂ।

**# ਸਾਰੇ ਇਕੱਠੇ ਉੱਠਦੇ ਹਨ ਅਤੇ ਹੱਸਦੇ ਹਨ#**

**ਸਮਾਪਤੀ ਸੰਗੀਤ**

**************